# *ਸੁਭਾਵਕ ਤੌਰ ਤੇ ਅਲੌਕਿਕ*

## ਨਿਰੰਤਰ, ਬਿਨਾਂ ਜਤਨ, ਸ਼ਕਤੀਸ਼ਾਲੀ ਮਸੀਹ ਨੂੰ ਪ੍ਰਗਟ ਕਰਨਾ

**ਮਾਰਕ ਵਿਰਕਲਰ ਦੁਆਰਾ ਡੀ. ਵੀ. ਡੀ. ਅਧਿਐਨ ਸਹਾਇਕ**
ਵਿਅਕਤੀਗਤ ਅਤੇ ਛੋਟੇ ਸਮੂਹ ਦੇ ਪ੍ਰਯੋਗ ਲਈ

**ਜਾਣਕਾਰੀ:** *ਕਿਵੇਂ ਅਸੀਂ ਸੁਭਾਵਕ ਤੌਰ ਤੇ ਯਿਸੂ ਨੂੰ ਸਾਡੇ ਵਿੱਚ ਜੀਵਨ ਬਿਤਾਉਣ ਦਿੰਦੇ ਹਾਂ? ਅਸੀਂ ਕਿਵੇਂ "ਮਸੀਹ ਵਿੱਚ ਬਣੇ" ਰਹਿੰਦੇ ਹਾਂ। (ਜਾਂ ਆਪਣੇ ਆਪ ਨੂੰ ਛੱਡ ਦਿੰਦੇ ਅਤੇ ਪਰਮੇਸ਼ੁਰ ਨੂੰ ਪ੍ਰਗਟ ਹੋਣ ਦਿੰਦੇ ਹਾਂ)? ਅਸੀਂ ਕਿਵੇਂ "ਆਤਮ-ਚੇਤਨਾ" ਤੋਂ "ਮਸੀਹ ਚੇਤਨਾ" ਵੱਲ ਆਉਂਦੇ  ਹਾਂ"? ਇਸ ਲੜੀ ਦੇ ਵਿੱਚ ਤੁਸੀਂ ਖੋਜੋਗੇ ਕਿ ਕਿਵੇਂ ਮਨੁੱਖਜਾਤੀ ਨੇ ਪਰਮੇਸ਼ੁਰ ਦੇ ਅਰੰਭਿਕ ਢਾਂਚੇ ਵੱਲ ਵਾਪਸ ਆਉਣਾ ਹੈ ਜਿਵੇਂ ਕਿ ਆਦਮ ਅਤੇ ਹੱਵਾਹ ਦੁਆਰਾ ਅਦਨ ਦੇ ਬਾਗ ਵਿੱਚ ਪ੍ਰਦਰਸ਼ਣ ਕੀਤਾ ਗਿਆ ਸੀ। ਸੁਭਾਵਕ ਤੌਰ ਤੇ ਅਲੌਕਿਕ ਜੀਉਣ ਲਈ ਚਾਰ ਕੁੰਜੀ ਸਚਿਆਈਆਂ ਦੀ ਤਿੰਨ ਸੈਸ਼ਨਾਂ ਦੇ ਵਿੱਚ ਚਰਚਾ ਕੀਤੀ ਗਈ ਹੈ*


| ਸੈਸ਼ਨ | ਸਿਰਲੇਖ | ਪੁਸਤਕ ਦੇ ਵਿੱਚ ਸਫਾ # |
|---|---|---|
| **1.** | ਜੇਕਰ ਤੁਸੀਂ ਆਤਮਾ ਦੇ ਦੁਆਰਾ ਅਰੰਭ ਕੀਤਾ ਹੈ, ਕੀ ਤੁਸੀਂ ਸਰੀਰ ਦੁਆਰਾ ਸਿੱਧ ਹੋਵੋਗੇ? | ਸਫਾ 2 |
| 2. | ਸੁਭਾਵਕ ਤੌਰ ਤੇ ਅਲੌਕਿਕ ਜੀਉਣ ਲਈ 1 ਅਤੇ 2 ਸਚਿਆਈਆਂ | ਸਫਾ 6 |
| 3. | ਸੁਭਾਵਕ ਤੌਰ ਤੇ ਅਲੌਕਿਕ ਜੀਉਣ ਲਈ 3 ਅਤੇ 4 ਸਚਿਆਈਆਂ | ਸਫਾ 10 |


**ਵਾਧੂ ਕਿਤਾਬਾਂ ਜੋ ਕਿ ਇਸ ਸੰਦੇਸ਼ ਨੂੰ ਹੋਰ ਜਿਆਦਾ ਡੂੰਘਾ ਬਣਾਉਂਦੀਆਂ ਹਨ ਉਪਲਬੱਧ ਹਨ ਤੇ** www.cwgministries.org ਅਤੇ ਤੁਸੀਂ ਜਦੋਂ ਇਨ੍ਹਾਂ ਸਿਧਾਂਤਾ ਨੂੰ ਪੂਰਾ ਕਰਦੇ ਹੋ ਤਾਂ ਇੱਕ ਵਿਅਕਤੀਗਤ ਆਤਮਿਕ ਸਿੱਖਿਅਕ ਨੂੰ ਵੀ ਤੁਹਾਡੇ ਨਾਲ ਚੱਲਣ ਲਈ ਕੁਝ ਸਮੇਂ ਵਾਸਤੇ ਲੈ ਸਕਦੇ ਹੋ ਜਾਂ www.cluonline.com ਰਾਹੀਂ ਇੱਕ ਕਾਲੇਜ ਦੇ ਪਾਠਕ੍ਰਮ ਨੂੰ ਲਓ।

1. ***ਵੱਡਾ ਭੇਦ – ਮਸੀਹ ਤੁਹਾਡੇ ਅੰਦਰ*** – ਸਾਰੇ ਨਵੇਂ ਨੇਮ ਵਿੱਚੋਂ ਉਨ੍ਹਾਂ ਆਇਤਾਂ ਨੂੰ ਖੋਜੋ ਜੋ ਕਿ ਵਰਣਨ ਕਰਦੀਆਂ ਹਨ ਕਿ ਕੀ ਯਿਸੂ ਉਸ ਦੀ ਅੰਦਰ ਕੰਮ ਕਰਨ ਦੀ ਹਜ਼ੂਰੀ ਰਾਹੀਂ ਤੁਹਾਨੂੰ ਪੇਸ਼ ਕਰਦਾ ਹੈ।
2. ***ਸੁਭਾਵਕ ਤੌਰ ਤੇ ਅਲੌਕਿਕ*** – ਪਰਮੇਸ਼ੁਰ ਦੇ ਅੰਦਰ ਵੱਸਦੇ ਆਤਮਾ ਤੋਂ ਸੁਭਾਵਕ ਤੌਰ ਤੇ ਕਿਵੇਂ ਜੀਵਨ ਬਿਤਾਉਣਾ ਲਈ ਅੰਦਰ ਲੁੱਕੇ ਹੋਏ ਸਿਧਾਂਤਾ ਦੀ ਡੂੰਘਿਆਈ ਤੋਂ ਖੋਜ ਕਰੋ।
3. ***ਆਤਮਾ ਵਿੱਚ ਕਿਵੇਂ ਚੱਲਣਾ ਹੈ*** – ਦਿਲ ਅਤੇ ਆਤਮਾ/ਵਾਂ ਤੇ ਸਾਰੀਆਂ 1200 ਆਇਤਾਂ ਨੂੰ ਵੇਖੋ ਅਤੇ ਇੱਕ ਪੱਕੀ ਬਾਈਬਲ ਦੀ ਸਮਝ ਨੂੰ ਪ੍ਰਾਪਤ ਕਰ ਲਓ ਕਿ ਕਿਵੇਂ ਤੁਹਾਡੇ ਦਿਲ ਦੇ ਵਿੱਚ ਅਰਾਮਦਾਇਕ ਜੀਵਨ ਬਿਤਾਉਣਾ ਅਤੇ ਪਰਿਭਾਸ਼ਾ ਦੇਣਾ ਹੈ।
4. ***ਆਤਮਾ ਤੋਂ ਜਨਮੀ ਕਿਰਿਆਸ਼ੀਲਤਾ*** – ਤੁਹਾਡੇ ਆਤਮਾ ਦੀਆਂ ਪੰਜ ਗਿਆਨ ਇੰਦਰੀਆਂ ਨੂੰ ਖੋਜੋ, ਅਤੇ ਕਿਵੇਂ ਪਰਮੇਸ਼ੁਰ ਸਾਰੀਆਂ ਪੰਜ ਗਿਆਨ ਇੰਦਰੀਆਂ ਨੂੰ ਤੁਹਾਡੇ ਰਾਹੀਂ ਇੱਕ ਚਮਤਕਾਰ ਨੂੰ ਕਰਨ ਲਈ ਭਰਦਾ ਹੈ।

**ਹੇਠਾਂ ਦਿੱਤੀਆਂ ਟਿੱਪਣੀਆਂ ਸਿਰਫ ਆਮ ਤੌਰ ਤੇ ਡੀ. ਵੀ. ਡੀ. ਸਿੱਖਿਆ ਦੇ ਨਾਲ-ਨਾਲ ਜਾਂਦੀਆਂ ਹਨ।** ਉਹ ਤੁਹਾਡੇ ਘਰ ਲੈ ਜਾਣ ਦੇ ਲਈ ਅਤੇ ਵਾਧੂ ਅੰਤਰਦ੍ਰਿਸ਼ਟੀਆਂ ਲਈ ਨਿਰੀਖਣ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।

# ਸੁਭਾਵਕ ਤੌਰ ਤੇ ਅਲੌਕਿਕ

# ਸੈਸ਼ਨ # 1 – ਜੇਕਰ ਤੁਸੀਂ ਆਤਮਾ ਨਾਲ ਅਰੰਭ ਕੀਤਾ ਹੈ, ਕੀ ਤੁਸੀਂ ਸਰੀਰ ਦੁਆਰਾ ਸਿੱਧ ਹੋਵੋਗੇ?

**ਜਾਣਕਾਰੀ:** ਜਦੋਂ ਮੈਂ ਮੁਕਤੀ ਪਾਈ ਸੀ, ਇਹ ਇੱਕ ਅਲੌਕਿਕ ਮੁਲਾਕਾਤ ਸੀ ਜਦੋਂ ਪਰਮੇਸ਼ੁਰ ਨੇ ਮੈਨੂੰ ਪਾਪ ਦੀ ਦੋਸ਼ ਭਾਵਨਾ ਤੋਂ ਅਜ਼ਾਦ ਕੀਤਾ ਸੀ ਅਤੇ ਮੈਨੂੰ ਇੱਕ ਨਵਾਂ ਆਤਮਾ ਅਤੇ ਨਵਾਂ ਦਿਲ ਦਿੱਤਾ ਸੀ। ਤਦ ਮੈਂ ਉਸ ਦੀ ਸ਼ਰਾਂ ਦਾ ਆਗਿਆ ਪਾਲਨ ਕਰਨ ਦੀ ਕੋਸ਼ਿਸ਼ ਕਰਨੀ ਅਰੰਭ ਕਰ ਦਿੱਤੀ, ਅਤੇ ਪਾਇਆ ਕਿ ਮੇਰੀ ਤਾਕਤ ਪਰਮੇਸ਼ੁਰ ਦੀ ਸ਼ਰਾ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਸੀ। ਕੀ ਹੋਇਆ ਸੀ? ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਮੈਂ ਆਤਮਾ ਨਾਲ ਅਰੰਭ ਕੀਤਾ ਅਤੇ ਸਰੀਰ ਦੁਆਰਾ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ (ਗਲਾ. 3:3)। ਕੀ ਇਹੋ ਢੰਗ ਸੀ ਜੋ ਕਿ ਇਹ ਹੋਣਾ ਚਾਹੀਦਾ ਸੀ, ਜਾਂ ਮੈਂ ਕੁਝ ਗ਼ਲਤ ਕਰ ਰਿਹਾ ਸੀ?

**ੳ. ਮੰਦਭਾਗੇ ਮਨੁੱਖ ਦਾ ਲੱਛਣ ਮਨੁੱਖ ਦੇ ਉਸ ਦੀ ਆਪਣੀ ਤਾਕਤ ਨਾਲ ਪਰਮੇਸ਼ੁਰ ਦੀ ਸ਼ਰਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਦਾ ਨਤੀਜਾ ਹੈ।**

1. *ਮਨੁੱਖ* ਉਸ ਦੇ ਰਾਹੀਂ ਪਰਮੇਸ਼ੁਰ ਦੀ ਤਾਕਤ ਨੂੰ ਵਹਿੰਦੀ ਵੇਖਣ ਦੀ ਬਜਾਏ, ਉਸ ਦੀ ਆਪਣੀ ਤਾਕਤ ਨਾਲ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਨਾ ਕਰਨ ਦੁਆਰਾ ਇੱਕ ਧਰਮੀ ਜੀਵਨ ਬਿਤਾਉਣ ਦੀ ਕੋਸ਼ਿਸ਼ ਕਰਦਾ।
2. ਉਦਾਹਰਣ ਦੇ ਲਈ: "***ਮੈਂ*** ਪਿਆਰ ਕਰਨ ਦੀ ਸਖਤ ਕੋਸ਼ਿਸ਼ ਕਰ ਰਿਹਾ ਹਾਂ, ਪ੍ਰਭੂ; ਕਿਰਪਾ ਕਰਕੇ **ਮੇਰੀ** ਸਹਾਇਤਾ ਕਰੋ।" ਧਿਆਨ ਦੇਵੋ ਕਿ ਇੱਥੇ ਫੋਕਸ ਮੇਰੇ ਉੱਤੇ, ਅਤੇ ਪਰਮੇਸ਼ੁਰ ਦੇ ਮੇਰੀ ਸਹਾਇਤਾ ਕਰਨ ਤੇ ਹੈ, ਬਜਾਏ ਇਸ ਦੇ ਕਿ ਪਰਮੇਸ਼ੁਰ ਮੇਰਾ ਸਥਾਨ ਲਵੇ।
3. ਸ਼ਤਾਨ ਦਾ ਝੂਠ: *ਇਹ ਸਭ ਮੇਰੇ ਬਾਰੇ ਹੈ ਕਿ **ਮੈਂ ਕੀ ਕਰ ਸਕਦਾ** ਹਾਂ।* "ਸਗੋਂ ਪਰਮੇਸ਼ੁਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਉਸ ਤੋਂ ਖਾਓਗੇ ਤੁਹਾਡੀਆਂ ਅੱਖੀਆਂ ਖੁੱਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ੁਰ ਵਾਂਙੁ ਭਲੇ ਬੁਰੇ ਦੀ ਸਿਆਣਵਾਲੇ ਹੋ ਜਾਓਗੇ।" (ਉਤਪਤ 3:5)
   ੳ. "ਤੁਸੀਂ" = **ਮਨੁੱਖਵਾਦ** – ਮਨੁੱਖ ਕੇਂਦਰ ਦੇ ਵਿੱਚ
   ਅ. "ਜਾਣਨਾ" = **ਸੰਬੰਧ** – ਮਨੁੱਖ ਦੀ ਤਰਕ ਕਰਨ ਦੀ ਪ੍ਰੀਕ੍ਰਿਆ ਕੇਂਦਰ ਵਿੱਚ

**ਅ. ਹੱਲ ਮਸੀਹ-ਚੇਤਨਾ ਨਾਲ ਜੀਉਣਾ ਜਾਂ ਆਤਮਾ-ਦੁਆਰਾ ਮਸਹ ਜੀਉਣਾ ਹੈ**

1. ਮਨੁੱਖ ਅੰਦਰ ਵੱਸਦੀ ਪਵਿੱਤਰ ਆਤਮਾ *ਦੇ ਵਹਾਓ ਨਾਲ ਜੁੜਿਆ ਜੀਵਨ* ਬਿਤਾਉਂਦਾ ਹੋਇਆ।
2. ਉਦਾਹਰਣ ਲਈ: "ਯਿਸੂ, **ਤੂੰ** ਪਿਆਰ ਹੈ ਅਤੇ **ਤੂੰ** ਮੇਰੇ ਅੰਦਰ ਵੱਸਦਾ ਹੈ; ਮੈਂ **ਤੈਨੂੰ** ਪ੍ਰਗਟ ਕਰਦਾ ਹਾਂ।" ਇਸ ਲਈ ਏਹ ਪਰਮੇਸ਼ੁਰ ਦੇ ਮੇਰੀ ਸਹਾਇਤਾ ਕਰਨ ਬਾਰੇ ਵਿੱਚ ਨਹੀਂ ਹੈ, ਇਹ ਪਰਮੇਸੁਰ ਦੇ ਮੇਰੇ ਰਾਹੀਂ ਉਸ ਦੇ ਜੀਵਨ ਨੂੰ ਬਿਤਾਉਣ ਦੇ ਬਾਰੇ ਵਿੱਚ ਹੈ, ਜਾਂ ਮੇਰੀ ਜਗ੍ਹਾ ਉਸ ਦੇ ਸਥਾਨ ਲੈਣ ਬਾਰੇ ਵਿੱਚ ਹੈ (ਗਲਾ. 2:20)।
3. ਯਿਸੂ ਨੇ ਉਸ ਲਈ ਓਸ ਦਾ ਪ੍ਰਦਰਸ਼ਣ ਕੀਤਾ, ਇਹ ਸਭ ਉਸ ਦੇ ਪਿਤਾ ਦੀ ਸ਼ਕਤੀ ਨੂੰ ਸਮਝਣ ਅਤੇ ਪ੍ਰਗਟ ਕਰਨ ਦੇ ਬਾਰੇ ਵਿੱਚ ਸੀ (ਯੂਹੰਨਾ 5:19, 20, 30)।

**ੲ. ਮੰਦਭਾਗੇ ਮਨੁੱਖ ਦਾ ਲੱਛਣ ਆਤਮ-ਚੇਤਨਾ ਜੀਵਨ ਬਿਤਾਉਣ ਦਾ ਇੱਕ ਨਤੀਜਾ ਹੈ।**

1. ਰੋਮੀਆਂ 7:15, 20-24 ਨੂੰ ਪੜ੍ਹੋ ਅਤੇ ਪੌਲੁਸ ਦੀ ਨਿਰਾਸ਼ ਜੀਵਨਸ਼ੈਲੀ ਬਾਰੇ ਵੇਖੋ।
2. ਸਮੱਸਿਆ ਆਤਮ-ਚੇਤਨਾ ਵਿੱਚ ਜੀਉਣਾ ਹੈ, ਜਾਂ ਮੇਰੀਆਂ ਅੱਖਾਂ ਨੂੰ ਉਸ ਤੇ ਟਿਕਾਏ ਹੋਏ ਜੀਉਣਾ ਹੈ।
3. "ਮੈਂ, ਮੈਨੂੰ, ਮੇਰਾ" 6 ਆਇਤ ਦੇ ਵਿੱਚ ਐਨ. ਏ. ਐਸ. ਬੀ. ਬਾਈਬਲ ਵਿੱਚ 20 ਵਾਰ ਪਾਇਆ ਗਿਆ ਹੈ।

**ਸ. ਹੱਲ ਮਸੀਹ-ਚੇਤਨਾ ਨਾਲ ਜੀਵਨ ਬਿਤਾਉਣਾ ਹੈ – ਅੰਦਰ ਪਰਮੇਸ਼ੁਰ ਦੇ ਆਤਮਾ ਤੇ ਕੇਂਦ੍ਰਿਤ ਕਰਦੇ ਹੋਏ**

1. ਰੋਮੀਆਂ 8 ਅਧਿਆਏ ਵਿੱਚ ਆਤਮਾ/ਵਾਂ 21 ਵਾਰ ਵਰਨਣ ਕੀਤਾ ਗਿਆ ਹੈ।
2. "**ਮਸੀਹ ਯਿਸੂ ਵਿੱਚ ਆਤਮਾ ਦੇ ਜੀਵਨ** ਦੀ ਸ਼ਰਾ ਨੇ ਤੁਹਾਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਅਜ਼ਾਦ ਕਰ ਦਿੱਤਾ ਹੈ" (ਰੋਮੀਆਂ 8:1)।
3. "ਪਰ ਜੇ **ਉਹ ਦਾ ਆਤਮਾ** ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ **ਤੁਹਾਡੇ ਵਿੱਚ ਵੱਸਦਾ ਹੈ** ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ **ਤੁਹਾਡੇ ਵਿੱਚ ਵੱਸਦਾ ਹੈ** ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ" (ਰੋਮੀਆਂ 8:11)
4. "ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ। ਜਿੰਨੇ ਪਰਮੇਸ਼ੁਰ ਦੀ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ" (ਰੋਮੀਆਂ. 8:13,14)। ਤੁਸੀਂ ਏਥੇ ਧਿਆਨ ਦੇਵੋ ਕਿ ਇਹ ਆਤਮਾ ਹੈ ਜਿਹੜਾ ਕਿ ਸਰੀਰ ਤੇ ਜਿੱਤ ਪਾਉਂਦਾ ਹੈ, ਨਾ ਕਿ ਸਰੀਰ ਸਰੀਰ ਦੇ ਵਿਰੁੱਧ ਲੜ੍ਹ ਰਿਹਾ ਹੈ। ਇਹ ਇੱਕ ਕੁੰਜ਼ੀ ਫਰਕ ਹੈ। ਇਸ ਨੂੰ "ਮਸੀਹ ਯਿਸੂ ਵਿੱਚ ਆਤਮਾ ਦੇ ਜੀਵਨ ਦੀ ਸ਼ਰਾ ਆਖਿਆ ਜਾਂਦਾ ਹੈ" ਜੋ ਕਿ ਅਸੀਂ ਭਵਿੱਖ ਦੇ ਸੈਸ਼ਨਾਂ ਵਿੱਚ ਪ੍ਰਾਪਤ ਕਰਾਂਗੇ।

**ਹ. ਆਪਣੇ ਆਪ ਦੇ ਉੱਤੇ ਇਨ੍ਹਾਂ ਇਕਰਾਰਾਂ ਨੂੰ ਉੱਚੀ ਬੋਲੋ: ਉਨ੍ਹਾਂ ਦੀ ਤਸਵੀਰ ਬਣਾਉਂਦੇ ਹੋਏ ਅਤੇ ਉਨ੍ਹਾਂ ਨੂੰ ਮਹਿਸੂਸ ਕਰਦੇ ਹੋਏ:**

1. ਮੈਂ ਸਰਬਸ਼ਕਤੀਮਾਨ ਪਰਮੇਸ਼ੁਰ ਦੇ ਨਾਲ ਜੁੜਿਆ ਹੋਇਆ ਹਾਂ। ਮੈਂ ਉਸ ਦੇ ਨਾਲ ਇੱਕ ਆਤਮਾ ਹਾਂ। ਮੇਰਾ ਆਤਮਾ ਯਿਸੂ ਦੇ ਨਾਲ ਏਕਤਾ ਦੇ ਵਿੱਚ ਹੈ; ਯਿਸੂ ਮੇਰੇ ਨਾਲ ਜੁੜਿਆ ਹੋਇਆ ਹੈ। ਅਸੀਂ ਇੱਕ ਹਾਂ, ਅਸੀਂ ਇੱਕ ਹਾਂ। ਅਸੀਂ ਦੋ ਨਹੀਂ ਹਾਂ, ਅਸੀਂ ਇੱਕ ਹਾਂ। ਜਦੋਂ ਮੈਂ ਅੰਦਰ ਆਪਣੇ ਆਪ ਨੂੰ ਡੂੰਘਿਆਈ ਦੇ ਵਿੱਚ ਵੇਖਦਾ ਹਾਂ, ਮੈਂ ਯਿਸੂ ਨੂੰ ਵੇਖਦਾ ਹਾਂ। ਮੈਂ ਮੈਨੂੰ ਨਹੀਂ ਵੇਖਦਾ ਹਾਂ, ਮੈਂ ਯਿਸੂ ਨੂੰ ਵੇਖਦਾ ਹਾਂ।
2. ਪ੍ਰਭੂ ਯਿਸੂ, ਸਾਨੂੰ ਇਸ ਵਿਅਕਤੀ ਨੂੰ ਪਿਆਰ ਕਰਨ ਦੀ ਲੋੜ ਹੈ, ਅਤੇ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੇਰਾ ਆਤਮਾ ਮੇਰੇ ਰਾਹੀਂ ਬਾਹਰ ਵਹਿੰਦਾ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੇਰਾ ਪਿਆਰ ਮੇਰੇ ਰਾਹੀਂ ਵਹਿੰਦਾ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਇਹ ਉਸ ਵਿਅਕਤੀ ਨੂੰ ਪਿਆਰ ਕਰਦਾ ਹੋਇਆ ਯਿਸੂ ਉੱਥੇ ਖੜਾ ਹੈ, ਇਸ ਲਈ ਮੈਂ ਠੀਕ ਹੁਣ ਇਸ ਸਮੇਂ ਯਿਸੂ ਦੇ ਪਿਆਰ ਨੂੰ ਪ੍ਰਗਟ ਕਰਦਾ ਹਾਂ। ਪ੍ਰਭੂ, ਤੇਰਾ ਧੰਨਵਾਦ। ਯਿਸੂ, ਕੀ ਤੂੰ ਮੇਰੇ ਲਈ ਇਸ ਨੂੰ ਸੰਭਾਲ ਸਕਦਾ ਹੈ।
3. ਪ੍ਰਭੂ ਯਿਸੂ, ਮੈਂ ਮੰਗਦਾ ਹਾਂ ਕਿ ਤੇਰਾ ਵਿਸ਼ਵਾਸ ਮੇਰੇ ਦਿਲ ਦੇ ਰਾਹੀਂ ਫੁੱਟ ਪਵੇ। ਮੈਂ ਮੇਰੇ ਰਾਹੀਂ ਯਿਸੂ ਦੇ ਵਿਸ਼ਵਾਸ ਨੂੰ ਪ੍ਰਗਟ ਕਰਦਾ ਹਾਂ। ਮੈਂ ਮੇਰੇ ਅੰਦਰ ਵਿਸ਼ਵਾਸ ਨੂੰ ਉੱਠ ਜਾਣ ਲਈ ਅਤੇ ਮੇਰੇ ਰਾਹੀਂ ਪ੍ਰਗਟ ਹੋਣ ਨੂੰ ਸੱਦਦਾ ਹਾਂ।
4. ਆਪਣੇ ਮਨ ਵੱਲ ਸੰਕੇਤ ਕਰੋ ਅਤੇ ਕਹੋ: "ਇਹ ਮਸੀਹ ਦਾ ਮਨ ਹੈ।" ਆਪਣੇ ਆਪ ਵੱਲ ਸੰਕੇਤ ਕਰੋ ਅਤੇ ਕਹੋ: "ਇਹ ਬੁੱਲ੍ਹ ਪਰਮੇਸ਼ੁਰ ਦੀਆਂ ਅਕਾਸ਼ਬਾਣੀਆਂ ਨੂੰ ਬੋਲਦੇ ਹਨ। ਇਹ ਸਰੀਰ ਮਸੀਹ ਦਾ ਸਰੀਰ ਹੈ। ਇਹ ਹੱਥ ਯਿਸੂ ਦਾ ਹੱਥ ਹੈ। ਪਰਮੇਸ਼ੁਰ ਦਾ ਪਿਆਰ ਮੇਰੇ ਦਿਲ ਵਿੱਚ ਹਰ ਪਾਸੇ ਛਿੜਕਿਆ ਹੋਇਆ ਹੈ, ਅਤੇ ਇਹ ਹਰੇਕ ਜਿਸ ਨੂੰ ਮੈਂ ਛੂਹੰਦਾ ਹਾਂ ਰਾਹੀਂ ਵਹਿੰਦਾ ਹੈ।"
5. ਮੈਂ ਕਿਰਿਆ ਵਿੱਚ ਯਿਸੂ ਹਾਂ, ਕਿਉਂ ਜੋ ਉਹ ਮੇਰੇ ਨਾਲ ਖੁਦ ਨੂੰ ਜੋੜਨ ਨੂੰ ਚੁਣਦਾ ਹੈ, ਅਤੇ ਅਸੀਂ ਇਸ ਸੰਸਾਰ ਦੇ ਵਿੱਚ ਏਥੇ ਮਸੀਹ ਦੀ ਦੇਹ ਹਾਂ। ਯਿਸੂ, ਓਸ ਅਦਭੁੱਦ ਚਮਤਕਾਰ ਦੇ ਲਈ ਤੇਰਾ ਧੰਨਵਾਦ।
6. ਪ੍ਰਭੂ, ਮੈਂ ਤੇਰਾ ਪਵਿੱਤਰ ਆਤਮਾ ਦੇ ਫਲਾਂ ਲਈ ਧੰਨਵਾਦ ਕਰਦਾ ਹਾਂ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੇਰਾ ਆਤਮਾ ਮੇਰੇ ਅੰਦਰ ਵੱਸਦਾ ਹੈ, ਅਤੇ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਇਹ ਮੇਰੇ ਰਾਹੀਂ ਵਹਿੰਦਾ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਪਿਆਰ ਮੇਰੇ ਰਾਹੀਂ ਬਾਹਰ ਵਹਿੰਦਾ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਅਨੰਦ ਮੇਰੇ ਅੰਦਰ ਜੀਉਂਦਾ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਸ਼ਾਂਤੀ ਮੇਰੇ ਹੋਂਦ ਦੇ ਹਰੇਕ ਸੈੱਲ ਦੇ ਵਿੱਚ ਸਮਾਈ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੇਰੇ ਕੋਲ ਮਸੀਹ ਦਾ ਮਨ ਹੈ, ਇਹ ਕਿ ਪਰਮੇਸ਼ੁਰ ਦੀ ਬੁੱਧੀ ਮੇਰੇ ਮਨ ਵਿੱਚ ਵੱਸਦੀ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੇਰੇ ਕੋਲ ਚੰਗਾ ਕਰਨ

ਦਾ ਮਸਹ ਹੈ। ਮੈਂ ਲੋਕਾਂ ਨੂੰ ਛੂਹੰਦਾ ਹਾਂ ਅਤੇ ਦੁਸ਼ਟ ਆਤਮਾਵਾਂ ਬਾਹਰ ਆਉਂਦੀਆਂ ਹਨ ਅਤੇ ਉਨ੍ਹਾਂ ਦੇ ਸਰੀਰ ਚੰਗੇ ਹੋ ਜਾਂਦੇ ਹਨ। ਪ੍ਰਭੂ, ਮੈਂ ਇਨ੍ਹਾਂ ਗੱਲਾਂ ਦੇ ਲਈ ਤੇਰਾ ਧੰਨਵਾਦ ਕਰਦਾ ਹਾਂ। ਯਿਸੂ ਦੇ ਨਾਮ ਵਿੱਚ, ਆਮੀਨ।

7. ਮੈਂ ਮੇਰੇ ਵਿਸ਼ਵਾਸ ਦੇ ਅਨੁਸਾਰ ਪ੍ਰਾਪਤ ਕਰਦਾ ਹਾਂ! ਮੈਂ ਮੇਰੇ ਪ੍ਰਤੀ ਪਰਮੇਸ਼ੁਰ ਦੇ ਵਾਇਦਿਆਂ ਤੇ ਵਿਸ਼ਵਾਸ ਕਰਨ ਨੂੰ ਚੁਣ ਲੈਂਦਾ ਹਾਂ। ਮੈਂ ਉਨ੍ਹਾਂ ਨੂੰ ਵੇਖਦਾ ਹਾਂ, ਉਨ੍ਹਾਂ ਨੂੰ ਬੋਲਦਾ ਹਾਂ, ਉਨ੍ਹਾਂ ਤੇ ਵਿਸ਼ਵਾਸ ਕਰਦਾ ਹਾਂ, ਉਨ੍ਹਾਂ ਤੇ ਕੰਮ ਕਰਦਾ ਹਾਂ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਦਾ ਹਾਂ। ਉਹ ਮੇਰੇ ਹਨ!
8. ਜਿਸ ਕਿਸੇ ਤੇ ਵੀ ਮੈਂ ਆਪਣੀਆਂ ਅੱਖੀਆਂ ਨੂੰ ਟਿਕਾਉਂਦਾ ਹਾਂ ਉਹ ਮੇਰੇ ਅੰਦਰ ਵੱਧਦਾ ਹੈ, ਅਤੇ ਜੋ ਕੁਝ ਵੀ ਮੇਰੇ ਅੰਦਰ ਵੱਧਦਾ ਹੈ, ਉਹ ਮੈਂ ਬਣ ਜਾਂਦਾ ਹਾਂ: ਪਿਆਰੇ ਪ੍ਰਭੂ ਯਿਸੂ, ਮੈਂ ਮੇਰੇ ਆਪਣੇ ਸਰੀਰ ਦੇ ਉੱਤੇ ਆਪਣੀਆਂ ਅੱਖੀਆਂ ਨੂੰ ਟਿਕਾਉਣ ਲਈ, ਮੇਰੀਆਂ ਨਜ਼ਰਾਂ ਨੂੰ ਮੇਰੀ ਕਮਜ਼ੋਰੀ ਤੇ ਟਿਕਾਉਣ ਲਈ, ਮੇਰੇ ਪਾਪੀ ਸਥਿਤੀ ਤੇ ਮੇਰੀਆਂ ਨਜ਼ਰਾਂ ਨੂੰ ਟਿਕਾਉਣ ਦੇ ਲਈ ਤੋਬਾ ਕਰਦਾ ਹਾਂ। ਪ੍ਰਭੂ, ਓਹ ਸਭ ਸਰੀਰ ਹੈ, ਅਤੇ ਮੈਂ ਉਸ ਤੋਂ ਤੋਬਾ ਕਰਦਾ ਹਾਂ। ਮੈਂ ਉਸ ਤੋਂ ਮੁੜ ਜਾਂਦਾ ਹਾਂ, ਅਤੇ ਅੱਜ ਦੇ ਦਿਨ ਤੋਂ, ਮੈਂ ਆਪਣੀਆਂ ਅੱਖੀਆਂ ਨੂੰ ਆਤਮਾ ਤੇ ਟਿਕਾਵਾਂਗਾ। ਮੈਂ ਪਵਿੱਤਰ ਆਤਮਾ ਨੂੰ ਮੇਰੇ ਆਤਮਾ ਨਾਲ ਜੁੜਿਆ ਹੋਇਆ ਵੇਖਾਂਗਾ। ਮੈਂ ਮੇਰੇ ਅੰਦਰ ਹੀ ਪਵਿੱਤਰ ਆਤਮਾ ਦੇ ਦਾਨਾਂ ਨੂੰ, ਮੇਰੇ ਵਿੱਚੋਂ ਬਾਹਰ ਫੁੱਟਦੇ ਹੋਏ ਵੇਖਾਂਗਾ। ਮੈਂ ਮੇਰੇ ਆਤਮਾ ਦੇ ਨਾਲ ਬੋਲਾਂਗਾ ਅਤੇ ਮੈਂ ਇਨ੍ਹਾਂ ਗੱਲਾਂ ਨੂੰ ਹੋਣ ਲਈ ਸੱਦਾਂਗਾ, ਅਤੇ ਮੈਂ ਮੇਰੀ ਹੋਂਦ ਰਾਹੀਂ ਜੋ ਮੇਰੇ ਆਤਮਾ ਦੇ ਅੰਦਰ ਹੈ ਉਸ ਨੂੰ ਪ੍ਰਗਟ ਕਰਾਂਗਾ। ਪ੍ਰਭੂ, ਇਹ ਬਿਲਕੁਲ ਵੀ ਸਭ ਮੇਰੇ ਬਾਰੇ ਵਿੱਚ ਨਹੀਂ ਹੈ, ਇਹ ਤੇਰੇ ਬਾਰੇ ਵਿੱਚ ਹੈ। ਤੂੰ ਮੇਰੇ ਅੰਦਰ ਜੀਉਂਦਾ ਹੈ ਅਤੇ ਤੂੰ ਮੇਰੇ ਅੰਦਰੋਂ ਵਹਿ ਰਿਹਾ ਹੈਂ। ਅਤੇ ਇਸ ਲਈ ਮੈਂ ਅੱਜ ਦੇ ਦਿਨ ਤੋਂ, ਮੇਰੀਆਂ ਅੱਖਾਂ ਯਿਸੂ ਤੇ ਟਿਕੀਆਂ ਹੋਈਆਂ ਹੋਣਗੀਆਂ। ਇਹ ਓਹ ਸਰੀਰ ਹੈ ਜਿਸ ਵਿੱਚ ਉਹ ਰਹਿੰਦਾ ਹੈ। ਉਹ ਮੇਰੇ ਨਾਲ ਇੱਕ ਹੈ। ਮੈਂ ਇਸ ਸੰਸਾਰ ਵਿੱਚ ਯਿਸੂ ਕਿਰਿਆ ਵਿੱਚ ਹਾਂ। ਮੈਂ ਮੇਰੇ ਆਲੇ ਦੁਆਲੇ ਉਸ ਦਾ ਸਰੀਰ ਹਾਂ।
9. ਮੈਂ ਪਰਮੇਸ਼ੁਰ ਦੀਆਂ ਅਕਾਸ਼ਬਾਣੀਆਂ ਨੂੰ ਬੋਲਦਾ ਹਾਂ। ਮੇਰਾ ਹੱਥ ਯਿਸੂ ਦਾ ਹੱਥ ਹੈ, ਅਤੇ ਮੈਂ ਇੱਕ ਅੰਗੂਰ ਦੀ ਬੇਲ ਵਿੱਚ ਲੱਗੀ ਹੋਈ ਇੱਕ ਟਹਿਣੀ ਹੋਣ ਨੂੰ ਚੁਣਦਾ ਹਾਂ, ਅਤੇ ਪਵਿੱਤਰ ਆਤਮਾ ਦੇ ਵਹਾਓ ਨੂੰ ਮੇਰੇ ਅੰਦਰੋਂ ਵਹਿਣ ਦੇਣ ਦੀ ਇਜਾਜ਼ਤ ਦੇਣ ਨੂੰ ਚੁਣ ਲੈਂਦਾ ਹਾਂ। ਮੈਂ ਉਸ ਨਦੀ ਨੂੰ ਵਹਿਣ ਦੇਣਾ ਚੁਣਦਾ ਹਾਂ। ਮੇਰੀਆਂ ਅੱਖੀਆਂ ਆਤਮਾ ਤੇ ਹਨ। ਮੇਰੀਆਂ ਅੱਖੀਆਂ ਆਤਮਾ ਤੇ ਹਨ, ਅਤੇ ਆਤਮਾ ਮੇਰੇ ਅੰਦਰ ਵੱਧੇਗਾ ਅਤੇ ਮੈਂ ਇੱਕ 'ਆਤਮਾ' ਪ੍ਰਾਣੀ ਬਣ ਜਾਵਾਂਗਾ, ਇੱਕ ਪ੍ਰਾਣੀ ਜਿਹੜਾ ਕਿ ਆਤਮਾ ਦੁਆਰਾ ਰਾਜ ਕੀਤਾ ਜਾਂਦਾ ਹੈ। ਮੇਰੇ ਆਤਮਾ ਦੁਆਰਾ ਰਾਜ ਨਹੀਂ ਕੀਤਾ ਜਾਂਦਾ ਹੈ, ਪਰ ਮੇਰੇ ਆਤਮਾ ਦੁਆਰਾ ਰਾਜ ਕੀਤਾ ਜਾਂਦਾ ਹੈ। ਅਤੇ ਪਿਤਾ, ਮੈਂ ਮਸੀਹਅਤ ਦੇ ਅਚੰਭੇ ਲਈ ਤੇਰਾ ਧੰਨਵਾਦ ਕਰਦਾ ਹਾਂ, ਕਿ ਤੂੰ ਆਪਣੇ ਆਪ ਨੂੰ ਮੇਰੇ ਨਾਲ ਜੁੜਨਾ ਚੁਣਿਆ ਹੈ, ਅਤੇ ਤੂੰ ਮੈਨੂੰ ਅਲੌਕਿਕ ਬਣਾਉਣਾ ਚੁਣਿਆ ਹੈ। ਮੈਂ ਅਲੌਕਿਕ ਹਾਂ, ਮੈਂ ਯਿਸੂ ਨੂੰ ਪ੍ਰਗਟ ਕਰਦਾ ਹਾਂ। ਅਤੇ ਪਿਤਾ, ਮੈਂ ਉਸ ਲਈ ਤੇਰਾ ਧੰਨਵਾਦ ਕਰਦਾ ਹਾਂ। ਯਿਸੂ ਦੇ ਨਾਮ ਵਿੱਚ, ਆਮੀਨ ਅਤੇ ਆਮੀਨ।

## ਕ. ਚਾਰ ਕੁੰਜ਼ੀ ਸਚਿਆਈਆਂ ਜਿਹੜੀਆਂ ਕਿ ਤੁਹਾਨੂੰ ਸੁਭਾਵਕ ਤੌਰ ਤੇ ਅਲੌਕਿਕ ਜੀਵਨ ਜੀਉਣ ਦੀ ਇਜਾਜ਼ਤ ਦਿੰਦੀਆਂ ਹਨ।

1. ਸਚਿਆਈ # 1 – ਇਹ ਸਭ ਪਰਮੇਸ਼ੁਰ ਦੇ ਬਾਰੇ ਵਿੱਚ ਹੈ। (ਉਹ ਸਰਬਸ਼ਕਤੀਮਾਨ ਹੈ।)
2. ਸਚਿਆਈ # 2 – ਮੇਰੇ ਵਿੱਚ ਪਰਮੇਸ਼ੁਰ ਸੰਮਿਲਤ ਹੈ।
3. ਸਚਿਆਈ # 3 – ਮੈਂ ਉਸ ਦੇ ਅੰਦਰ ਵੱਸਦੇ ਹੋਏ ਆਤਮਾ ਨਾਲ ਜੁੜਿਆ ਜੀਵਨ ਬਿਤਾਉਂਦਾ ਹਾਂ।
4. ਸਚਿਆਈ # 4 – ਮੈਂ ਪਰਮੇਸ਼ੁਰ ਦੀ ਅੰਦਰ ਕੰਮ ਕਰਨ ਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ।

## ਖ. ਕਲਾਸ ਦੇ ਕਮਰੇ ਦੀਆਂ ਕਿਰਿਆਵਾਂ

1. **ਹੇਠਾਂ ਦਿੱਤੇ ਪ੍ਰਸ਼ਨ ਪੁੱਛਦੇ ਹੋਏ 5-8 ਮਿੰਟ ਲਈ ਲੇਖ ਲਿਖੋ:** "ਪ੍ਰਭੂ, ਮੇਰੇ ਸਰੀਰ ਦੀ ਤਾਕਤ ਅਨੁਸਾਰ ਜੀਵਨ ਬਿਤਾਉਣ ਦੀ ਰੋਮੀਆਂ 7 ਦੀ ਜੀਵਨਸ਼ੈਲੀ, ਬਨਾਮ ਆਤਮਾ ਦੁਆਰਾ ਜੀਵਨ ਬਿਤਾਉਣ ਦੀ ਰੋਮੀਆਂ 8 ਦੀ ਜੀਵਨਸ਼ੈਲੀ ਬਾਰੇ ਤੂੰ ਮੈਨੂੰ ਕੀ ਆਖਣਾ ਚਾਹੁੰਦਾ ਹੈ?" ਇਸ ਤੋਂ ਬਾਅਦ, ਆਗੂ ਸਮੂਹ ਨੂੰ ਉਨ੍ਹਾਂ ਦੇ ਨੇੜੇ ਕਿਸੇ

ਨੂੰ ਉਨ੍ਹਾਂ ਦੇ ਲੇਖ ਨੂੰ ਪੜ੍ਹਨ ਲਈ ਆਖਦਾ ਹੈ (5 ਮਿੰਟ)। ਤਦ ਆਗੂ ਹਰੇਕ ਨੂੰ ਵਾਪਸ ਸੱਦਦਾ ਹੈ ਅਤੇ ਕੁਝ ਵਲੰਟੀਅਰ ਨੂੰ ਪੂਰੇ ਸਮੂਹ ਦੇ ਲਈ ਉਨ੍ਹਾਂ ਦੇ ਲੇਖ ਨੂੰ ਪੜ੍ਹਨ ਲਈ ਆਖਦਾ ਹੈ।

2. **ਰੋਮੀਆਂ 8:13ਅ, 14 ਇਕੱਠੇ ਦਾ ਹਵਾਲਾ ਦਿਓ**: "ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ। ਜਿੰਨੇ ਪਰਮੇਸ਼ੁਰ ਦੀ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ" (ਰੋਮੀਆਂ. 8:13,14)।
3. ਤੁਹਾਡੇ ਲਈ, ਆਤਮਾ ਦੁਆਰਾ ਸਰੀਰ ਦੇ ਕਾਰਜਾਂ ਨੂੰ ਮਾਰਨ, ਅਤੇ ਸਰੀਰ ਦੁਆਰਾ ਸਰੀਰ ਦੇ ਇੱਕ ਕੰਮ ਨੂੰ ਮਾਰਨ ਦੇ ਵਿੱਚਕਾਰ ਕੀ ਭਿੰਨਤਾ ਹੈ?
4. ਇੱਕ ਮੁਰਦਾ ਕੰਮ ਅਤੇ ਇੱਕ ਜੀਉਂਦਾ ਕੰਮ ਵਿੱਚਕਾਰ ਇਹ ਭਿੰਨਤਾ ਕਿਵੇਂ ਸੰਬੰਧਿਤ ਹੁੰਦੀ ਹੈ (ਇਬ. 6:1,2)
5. ਦਿਨ ਦੇ ਦੋਰਾਨ ਪਰਮੇਸ਼ੁਰ ਦੇ ਆਤਮਾ ਦੁਆਰਾ ਅਗਵਾਈ ਕੀਤੇ ਜਾਣ ਲਈ ਤੁਸੀਂ ਕਿਹੜਾ ਸਭ ਤੋਂ ਸੌਖਾ ਢੰਗ ਲੱਭਿਆ ਹੈ?
6. ਸਿੱਖਿਆ ਦੇ ਖੰਡ ਬਾਰੇ, ਜਾਂ ਇਸ ਦੇ ਬਾਰੇ ਤੁਹਾਡੇ ਕੋਲ ਕੋਈ ਵੀ ਪ੍ਰਗਟਾਵ ਹੈ ਬਾਰੇ ਕੋਈ ਵੀ ਪ੍ਰਸ਼ਨ ਜੋ ਤੁਹਾਡੇ ਕੋਲ ਹੈ ਤੇ ਚਰਚਾ ਕਰੋ।

### ਗ. ਘਰ ਲਈ ਕੰਮ ਜਿਹੜਾ ਕਿ ਅੱਗੇ ਪਰਕਾਸ਼ ਨੂੰ ਦਿੰਦਾ ਹੈ

1. ਰੋਮੀਆਂ 8:13ਬ, 14 ਨੂੰ **ਯਾਦ ਕਰੋ** ਅਤੇ ਕੋਈ ਵੀ ਹੋਰ ਆਇਤ ਇਸ ਸਿੱਖਿਆ ਤੋਂ ਜਿਹੜੀ ਕਿ ਪ੍ਰਭੂ ਚਾਹੁੰਦਾ ਹੈ ਕਿ ਤੁਸੀਂ ਯਾਦ ਕਰੋ।
2. ਉੱਪਰ ਦਿੱਤੀ ਸਿੱਖਿਆ ਵਿੱਚ ਵਰਣਨ ਸਾਰੀਆਂ ਆਇਤਾਂ ਤੇ **ਮਨਨ ਕਰੋ।**
3. ਉਨ੍ਹਾਂ ਦੇ ਬਾਰੇ, ਪਰਮੇਸ਼ੁਰ ਤੋਂ ਉਹ ਸਪੱਸ਼ਟ ਕਰਨ ਨੂੰ ਮੰਗਦੇ ਹੋਏ ਜੋ ਉਹ ਤੁਹਾਨੂੰ ਵਿਖਾਉਣਾ ਚਾਹੁੰਦਾ ਹੈ **ਲੇਖ ਲਿਖੋ।**
4. ਕਲਾਸ ਦੇ ਲਈ ਤੁਹਾਡੇ ਲੇਖ ਨੂੰ ਪੜ੍ਹਨ ਲਈ ਅਗਲੀ ਸਮੂਹਿਕ ਮੀਟਿੰਗ ਦੇ ਵਿੱਚ ਤਿਆਰ ਹੋ ਕੇ ਆਓ।
5. ਉੱਪਰ ਸੂਚੀ ਦਿੱਤੇ ਗਏ ਇਕਰਾਰਾਂ ਦਾ ਅਣਗਿਣਤ ਸਮੇਂ ਉੱਚੀ **ਇਕਰਾਰ ਕਰੋ।** ਆਪਣੇ ਆਪ ਦੇ ਉੱਤੇ ਜੀਵਨ ਨੂੰ ਬੋਲੋ। ਤੁਹਾਡੇ ਆਤਮਾ, ਪ੍ਰਾਣ ਅਤੇ ਸਰੀਰ ਦੇ ਵਿੱਚ ਪਰਮੇਸ਼ੁਰ ਦੀ ਸਵਰਗੀ ਸ਼ਕਤੀ ਨਾਲ ਊਰਜਾ ਭਰੋ।

# ਸੈਸ਼ਨ # 2 – ਸੁਭਾਵਕ ਤੌਰ ਤੇ ਅਲੌਕਿਕ ਜੀਵਨ ਬਿਤਾਉਣ ਲਈ ਸਚਿਆਈਆਂ 1 ਅਤੇ 2

**ਜਾਣਕਾਰੀ:** ਪਰਮੇਸ਼ੁਰ ਉਸ ਨਾਲੋਂ ਵੱਡਾ ਹੈ ਜਿਨ੍ਹਾਂ ਕਿ ਮੈਂ ਕਦੇ ਕਲਪਨਾ ਕਰ ਸਕਦਾ ਹਾਂ, ਅਤੇ ਮੈਂ ਉਸ ਨਾਲੋਂ ਛੋਟਾ ਹਾਂ ਜਿਨ੍ਹਾਂ ਕਿ ਮੈਂ ਕਦੇ ਕਲਪਨਾ ਕਰ ਸਕਦਾ ਹਾਂ। ਅਸੀਂ ਇਹ ਖੋਜਾਂਗੇ ਕਿ ਸਾਰੀ ਸ਼ਕਤੀ ਪਰਮੇਸ਼ੁਰ ਦੀ ਹੈ ਅਤੇ ਅਸੀਂ ਉਹ ਭਾਂਡੇ ਹਾਂ ਜੋ ਕਿ ਪਰਮੇਸ਼ੁਰ ਅਤੇ ਉਸ ਦੀ ਸ਼ਕਤੀ, ਬੁੱਧੀ, ਅਤੇ ਮਸਹ ਨੂੰ ਸੰਮਿਲਤ ਕਰਦੇ ਅਤੇ ਪ੍ਰਗਟ ਕਰਦੇ ਹਾਂ।

### ੳ. ਚਾਰ ਕੁੰਜ਼ੀ ਸਚਿਆਈਆਂ ਜੋ ਕਿ ਤੁਹਾਨੂੰ ਸੁਭਾਵਕ ਤੌਰ ਤੇ ਅਲੌਕਿਕ ਜੀਵਨ ਬਿਤਾਉਣ ਦਿੰਦੀਆਂ ਹਨ

1. ਸਚਿਆਈ # 1 – ਇਹ ਸਭ ਪਰਮੇਸ਼ੁਰ ਦੇ ਬਾਰੇ ਵਿੱਚ ਹੈ। (ਉਹ ਸਰਬਸ਼ਕਤੀਮਾਨ ਹੈ।)
2. ਸਚਿਆਈ # 2 – ਮੇਰੇ ਵਿੱਚ ਪਰਮੇਸ਼ੁਰ ਸੰਮਿਲਤ ਹੈ।
3. ਸਚਿਆਈ # 3 – ਮੈਂ ਉਸ ਦੇ ਅੰਦਰ ਵੱਸਦੇ ਹੋਏ ਆਤਮਾ ਨਾਲ ਜੁੜਿਆ ਜੀਵਨ ਬਿਤਾਉਂਦਾ ਹਾਂ।
4. ਸਚਿਆਈ # 4 – ਮੈਂ ਮੇਰੇ ਅੰਦਰ ਪਰਮੇਸ਼ੁਰ ਦੀ ਕੰਮ ਕਰਨ ਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ।

### ਅ. ਸਚਿਆਈ #1 ਸੁਭਾਵਕ ਤੌਰ ਤੇ ਅਲੌਕਿਕ ਜੀਵਨ ਬਿਤਾਉਣਾ "ਇਹ ਸਭ ਪਰਮੇਸ਼ੁਰ ਦੇ ਬਾਰੇ ਹੈ।"

1. ਜਦੋਂ ਅਬਰਾਮ ਨੜ੍ਹਿਨਵੇਂ ਵਰਿਹਾਂ ਦਾ ਹੋਇਆ ਤਦ ਯਹੋਵਾਹ ਨੇ ਉਸ ਨੂੰ ਦਰਸ਼ਣ ਦਿੱਤਾ ਅਤੇ ਉਸ ਨੂੰ ਆਖਿਆ, "ਮੈਂ ਸਰਬਸ਼ਕਤੀਮਾਨ ਪਰਮੇਸ਼ੁਰ ਹਾਂ। ਤੂੰ ਮੇਰੇ ਸਨਮੁੱਖ ਚੱਲ ਅਤੇ ਸੰਪੂਰਨ ਹੋ" (ਉਤਪਤ 17:1)।

2. ਪਰਮੇਸ਼ੁਰ *ਕੋਲ* ਸਾਰੀ ਸ਼ਕਤੀ ਹੈ ਜਾਂ ਪਰਮੇਸ਼ੁਰ ਹੀ ਸਭ ਸ਼ਕਤੀ *ਹੈ?*

3. "ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖਤਿਆਰ, ਸੱਭੋ ਕੁਝ ਜੋ ਉਸ ਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਇਆ ਹੈ। ਅਤੇ ਉਹ ਸਭ ਤੋਂ ਪਹਿਲਾਂ ਹੈ ਅਤੇ *ਅਰ ਸੱਭੋ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ।"* (ਕੁਲੁੱਸੀਆਂ 1:16, 17)।

4. ਕਿੰਨਾ ਜਿਆਦਾ ਵਿਸ਼ਵ ਦਾ ਹਿੱਸਾ ਪਰਮੇਸ਼ੁਰ ਉਸ ਦੀ ਤਾਕਤ ਰਾਹੀਂ ਇਕੱਠੇ ਕਾਇਮ ਰੱਖਦਾ ਹੈ।

### ੲ. ਬੁਰੇ ਮਨੁੱਖਾਂ ਦੇ ਬਲ ਬਾਰੇ ਕੀ ਹੈ?

1. **ਯਸਾਯਾਹ 10:5–7 ਦੇ ਵਿੱਚ, ਪਰਮੇਸ਼ੁਰ ਬੋਲ ਰਿਹਾ ਹੈ ਅਤੇ ਆਖ ਰਿਹਾ ਹੈ:** "ਹਾਇ ਅੱਸ਼ੂਰ, **ਮੇਰੇ ਕ੍ਰੋਧ ਦੇ ਡੰਡੇ** ਉੱਤੇ ਉਹ ਲਾਠੀ ਜਿਹੜੀ ਉਹ ਦੇ ਹੱਥ ਵਿੱਚ ਹੈ ਮੇਰਾ ਗ਼ਜ਼ਬ ਹੈ। ਮੈਂ ਉਹ ਨੂੰ ਇੱਕ ਬੇਧਰਮ ਕੌਮ ਉੱਤੇ ਘੱਲਾਂਗਾ, ਅਤੇ ਆਪਣੇ ਕਹਿਰ ਦੇ ਲੋਕਾਂ ਦੇ ਵਿਰੁੱਧ ਹੁਕਮ ਦਿਆਂਗਾ, ਭਈ ਉਹ ਲੁੱਟ ਲੁੱਟੇ ਤੇ ਮਾਲ ਚੁਰਾਵੇ। ਪਰ ਐਉਂ ਉਹ ਦੀ ਮਨਸ਼ਾ ਨਹੀਂ, ਨਾ ਉਹ ਦਾ ਮਨ ਐਉਂ ਸੋਚਦਾ ਹੈ, ਸਗੋਂ ਉਹ ਦੇ ਮਨ ਵਿੱਚ ਮਲੀਆ ਮੇਟ ਕਰਨਾ, ਅਤੇ ਬਹੁਤ ਸਾਰੀਆਂ ਕੌਮਾਂ ਨੂੰ ਕੱਟਣਾ ਹੈ।"

2. **ਅੱਸ਼ੂਰ ਦੇ ਰਾਜੇ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਦਾਸ ਵਜੋਂ ਨਹੀਂ ਵੇਖਿਆ ਸੀ**…"ਮੈਂ **ਆਪਣੇ ਹੱਥ** ਦੇ ਬਲ ਨਾਲ ਏਹ ਕੀਤਾ, ਨਾਲੇ **ਆਪਣੀ ਬੁੱਧੀ ਨਾਲ** ਕਿਉਂ ਜੋ ਮੈਂ ਸਮਝ ਰੱਖਦਾ ਹਾਂ। **ਮੈਂ ਲੋਕਾਂ ਦੀਆਂ ਹੱਦਾਂ ਨੂੰ ਸਰਕਾਇਆ,** ਅਤੇ ਉਨ੍ਹਾਂ ਦੇ ਰੱਖੇ **ਹੋਏ ਮਾਲ ਧਨ ਨੂੰ ਲੁੱਟਿਆ**, ਅਤੇ ਸੂਰਮੇ ਵਾਂਙੁ **ਮੈਂ ਬਿਰਾਜਮਾਨਾਂ ਨੂੰ ਹੇਠਾਂ ਲਾਹ ਦਿੱਤਾ। ਮੇਰੇ ਹੱਥ** ਨੇ ਲੋਕਾਂ ਦੇ ਮਾਲ ਧਨ ਨੂੰ ਇਉਂ ਲੱਭ ਲਿਆ ਹੈ ਜਿਵੇਂ ਆਹਲਣੇ ਨੂੰ, ਅਤੇ ਜਿਵੇਂ ਕੋਈ ਛੱਡੇ ਹੋਏ ਆਂਢੇ ਸਮੇਟਦਾ ਹੈ, ਤਿਵੇਂ ਮੈਂ ਸਾਰੀ ਧਰਤੀ ਨੂੰ **ਸਮੇਟ ਲਿਆ,** ਅਤੇ ਨਾ ਕਿਸੇ ਨੇ ਪਰ ਹਿਲਾਇਆ, ਨਾ ਮੂੰਹ ਖੋਲ੍ਹਿਆ, ਨਾ ਚੀਂ ਚੀਂ ਕੀਤੀ" (ਯਸਾ. 10:13, 14)।

3. **ਉਹੋ ਕਹਾਣੀ ਦਾ ਪਰਮੇਸ਼ੁਰ ਦਾ ਸੰਸਕਰਣ:** ਭਲਾ, ਕੁਹਾੜਾ ਆਪਣੇ ਚਲਾਉਣ ਵਾਲੇ ਅੱਗੇ ਆਕੜੇ? ਕੀ ਆਰਾ ਆਪਣੇ ਖਿੱਚਣ ਵਾਲੇ ਅੱਗੇ ਗਰੂਰ ਕਰੇ? ਜਿਵੇਂ ਡੰਡਾ ਆਪਣੇ ਚੁੱਕਣ ਵਾਲੇ ਨੂੰ ਹਿਲਾਏ, ਜਿਵੇਂ ਲਾਠੀ ਉਹ ਨੂੰ ਚੁੱਕੇ ਜਿਹੜਾ ਲੱਕੜ ਨਹੀਂ ਹੈ। ਏਸ ਲਈ ਪ੍ਰਭੂ, ਸੈਨਾਂ ਦਾ ਯਹੋਵਾਹ, ਉਹ ਦੇ ਮੋਟੇ ਤਾਜੇ ਜੋਧਿਆਂ ਵਿੱਚ ਮੜੱਪਣ ਘੱਲੇਗਾ ਅਤੇ ਉਹ ਦੇ ਤੇਜ ਦੇ ਹੇਠ ਅੱਗ ਦੇ ਸਾੜੇ ਵਾਂਙੁ ਸਾੜ ਬਲੇਗੀ" (ਯਸਾ. 10:15, 16)।

4. ਅਸੀਂ ਇਸ ਕਿਸਮ ਦੀ ਅੰਤਰਦ੍ਰਿਸ਼ਟੀ ਨਾਲ ਚੱਲ ਸਕਦੇ ਹਾਂ ਜੇਕਰ ਅਸੀਂ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣ ਰਹੇ ਹਾਂ।

### ਸ. ਬੁਰਿਆਈ ਦੇ ਲਈ "ਬਲ" ਪ੍ਰਯੋਗ ਕੀਤੇ ਜਾਣ ਦੀ ਸਮੱਸਿਆ

1. ਯੂਸੁਫ਼ ਦੇ ਇਰਖਾਲੂ ਭਰਾਵਾਂ ਨੇ ਉਸ ਨੂੰ ਮਿਸਰ ਵਿੱਚ ਗੁਲਾਮੀ ਲਈ ਵੇਚ ਦਿੱਤਾ। "ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈਆਂ ਦਾ ਦਾਈਆ ਕੀਤਾ ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਦਾਇਆ ਬਣਾਇਆ ਤਾਂ ਜੋ ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ ਜਿਵੇਂ ਏਸ ਵੇਲੇ ਹੋਇਆ ਹੈ" (ਉਤਪਤ 50:20)।

2. **ਪਰਮੇਸ਼ੁਰ ਨੇ** ਕਲਵਰੀ ਤੇ ਉਸ ਦੇ ਮਕਸਦਾਂ ਨੂੰ ਪੂਰਾ ਕਰਨ ਲਈ ਦੁਸ਼ਟ ਲੋਕਾਂ ਦਾ ਪ੍ਰਯੋਗ ਕੀਤਾ:

   ੳ. ਇਰਖਾਲੂ ਫਰੀਸੀ ਯਿਸੂ ਨੂੰ ਮਾਰਨ ਦੀ ਸਾਜਿਸ਼ ਕਰ ਰਹੇ ਹਨ;

   ਅ. ਇੱਕ ਭੀੜ ਦਾ ਹਜ਼ੂਮ ਭੜਕਿਆ ਹੋਇਆ ਹੈ;

   ੲ. ਇੱਕ ਡਰਪੋਕ ਪਿਲਾਤੁਸ ਦਬਾਓ ਦੇ ਵਿੱਚਕਾਰ ਆਤਮ ਸਮਰਪਣ ਕਰ ਦਿੰਦਾ ਹੈ।

3. ਕੀ ਜਿਸ ਦਿਨ ਯਿਸੂ ਮਰਿਆ ਬੁਰਿਆਈ ਨੇ ਰਾਜ ਕੀਤਾ, ਜਾਂ ਪਰਮੇਸ਼ੁਰ ਰਾਜ ਕਰ ਰਿਹਾ ਸੀ?

4. ***ਕਹਾਣੀ ਦਾ ਪਰਮੇਸ਼ੁਰ ਦਾ ਦ੍ਰਿਸ਼ਟੀਕੌਣ:*** "ਕਿਉਂ ਜੋ ਸੱਚੀ ਮੁੱਚੀ ਇਸੇ ਸ਼ਹਿਰ ਵਿੱਚ ਤੇਰੇ ਪਵਿੱਤ੍ਰ ਸੇਵਕ ਯਿਸੂ ਦੇ ਵਿਰੁੱਧ ਜਿਹ ਨੂੰ ਤੈਂ ਮਸਹ ਕੀਤਾ ਹੇਰੋਦੇਸ ਅਰ ਪੁੰਤਿਯੁਸ ਪਿਲਾਤੁਸ ਪਰਾਈਆਂ ਕੌਮਾਂ ਅਤੇ ਇਸਰਾਏਲ ਦੇ ਲੋਕਾਂ ਸਣੇ ਇਕੱਠੇ ਹੋਏ, ਇਸ ਲਈ ਜੋ ਕੁਝ ਤੇਰੇ ਹੱਥ ਅਤੇ ਤੇਰੀ ਮੱਤ ਨੇ ਅਗੇਤਾ ਠਹਿਰਾ ਰੱਖਿਆ ਸੀ ਭਈ ਹੋਵੇ, ਸੋਈ ਕਰਨ" (ਰਸੂਲਾਂ. 4:27,28)

### ਹ. ਪਰਮੇਸ਼ੁਰ ਸਿਰਫ ਸ਼ਕਤੀਮਾਨ ਹੀ ਨਹੀਂ ਹੈ ਪਰ ਉਹ…

1. **ਪਿਆਰ:** "ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਓਸੇ ਵਿੱਚ ਰਹਿੰਦਾ ਹੈ" (1 ਯੂਹੰਨਾ 4:16)।

### ਕ. ਸਚਿਆਈ # 2 ਸੁਭਾਵਕ ਤੌਰ ਤੇ ਅਲੌਕਿਕ ਜੀਵਨ ਹੈ "ਮੇਰੇ ਵਿੱਚ ਪਰਮੇਸ਼ੁਰ ਸੰਮਿਲਤ ਹੈ"

ੳ. ਹੁਣ ਜਦੋਂ ਕਿ ਮੇਰੇ ਕੋਲ ਸਰਬਸ਼ਕਤੀਮਾਨ ਦੀ ਮਹਾਨਤਾ ਦੀ ਇੱਕ ਸਪੱਸ਼ਟ ਤਸਵੀਰ ਹੈ

ਅ. ਆਓ ਅਸੀਂ ਇੱਕ ਸਪੱਸ਼ਟ ਤਸਵੀਰ ਨੂੰ ਪ੍ਰਾਪਤ ਕਰੀਏ ਕਿ ਕਿਵੇਂ ਪਰਮੇਸ਼ੁਰ ਨੇ ਮਨੁੱਖ ਨੂੰ ਤਿਆਰ ਕੀਤਾ ਹੈ।

### ਖ. ਨਵਾਂ ਨੇਮ ਸਾਨੂੰ ਮਨੁੱਖ ਦੀਆਂ ਚਾਰ ਤਸਵੀਰਾਂ ਨੂੰ ਦਿੰਦਾ ਹੈ

1. **ਇੱਕ ਭਾਂਡਾ** ਜਿਸ ਵਿੱਚ ਕੁਝ ਹੁੰਦਾ ਹੈ

   ੳ. "ਪਰ *ਇਹ ਖਜ਼ਾਨਾ ਸਾਡੇ ਕੋਲ ਮਿੱਟੀ ਦਿਆਂ ਭਾਂਡਿਆਂ* ਵਿੱਚ ਹੈ ਤਾਂ ਜੋ ਇਸ ਸਮੱਰਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ੁਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ (2 ਕੁਰਿੰਥੀਆਂ 4:7)

ਅ. ਮੈਂ ਇੱਕ ਆਤਮ-ਸੰਮਿਲਤ ਇਕਾਈ ਨਹੀਂ ਹਾਂ। ਮੈਂ ਅੰਦਰੋਂ ਕਿਸੇ ਨੂੰ ਰੱਖਣ ਲਈ ਤਿਆਰ ਕੀਤਾ ਗਿਆ ਹਾਂ।

2. **ਇੱਕ ਹੈਕਲ** ਜਿਸ ਵਿੱਚ ਪਰਮੇਸ਼ੁਰ ਸੰਮਿਲਤ ਹੁੰਦਾ ਹੈ

ੳ. "ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ *ਪਵਿੱਤਰ ਆਤਮਾ ਦੀ ਹੈਕਲ* ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ?" (1 ਕੁਰਿੰਥੀਆਂ 6:19)

ਅ. ਮੈਂ ਮਹਿਮਾ ਦੇ ਪਲੀਤੇ ਨਾਲ ਮਿੱਟੀ ਹਾਂ। ਮੈਂ ਅੰਦਰੋਂ ਸ਼ੁੱਧ ਸੋਨਾ ਹਾਂ।

3. **ਇੱਕ ਟਹਿਣੀ** ਜੋ ਯਿਸੂ ਵਿੱਚ ਲੱਗੀ ਹੋਈ ਹੈ

ੳ. "ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ *ਮੇਰੇ ਵਿੱਚ ਰਹਿੰਦਾ* ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ *ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ* (ਯੂਹੰਨਾ 15:5)

ਅ. ਇੱਥੇ ਇੱਕ ਮੇਰੇ ਵੱਲ "ਦ੍ਰਵ" ਦਾ ਵਹਾਓ ਹੈ (ਜਿਵੇਂ ਕਿ.,ਪਵਿੱਤਰ ਆਤਮਾ)।

4. **ਇੱਕ ਸਰੀਰ** ਜਿਸ ਦਾ ਸਿਰ ਯਿਸੂ ਹੈ

**ੳ.** "ਅਤੇ ਉਹ ਦੇਹੀ ਦਾ ਅਰਥਾਤ ਕਲੀਸਿਯਾ ਦਾ ਸਿਰ ਹੈ, ਉਹੋ ਆਦ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿੱਚ ਪਰਧਾਨ ਹੋਵੇ (ਕੁਲੁੱਸੀਆਂ 1:18)

ਅ. ਮੈਂ ਮੇਰੇ ਆਦੇਸ਼ਾਂ ਅਤੇ ਨਿਰਦੇਸ਼ਾਂ ਨੂੰ ਸੁਭਾਵਕ ਤੌਰ ਤੇ ਅਤੇ ਨਿਰੰਤਰ ਪਰਮੇਸ਼ੁਰ ਤੋਂ ਉਸ ਦੇ ਅੰਦਰ ਸਦਾ ਮੋਜੂਦ ਅਗਵਾਈ ਦੁਆਰਾ ਪ੍ਰਾਪਤ ਕਰਦਾ ਹਾਂ।

**ਗ. ਕਲਾਸ ਦੇ ਕਮਰੇ ਦੀਆਂ ਕਿਰਿਆਵਾਂ**

1. **5-8 ਮਿੰਟਾਂ ਤੱਕ ਲੇਖ ਲਿਖੋ** (ਪ੍ਰਸ਼ਨ ਹੈ: "ਪ੍ਰਭੂ, ਤੇਰੇ ਸਰਬ ਸ਼ਕਤੀਮਾਨ ਹੋਣ ਬਾਰੇ, ਅਤੇ ਮੇਰੇ ਇੱਕ ਭਾਂਡੇ ਵਜੋਂ ਹੋਣ ਜਿਸ ਵਿੱਚ ਤੂੰ ਅਤੇ ਤੇਰਾ ਬਲ ਸੰਮਿਲਤ ਹੈ, ਤੂੰ ਮੈਨੂੰ ਕੀ ਆਖਣਾ ਚਾਹੁੰਦਾ ਹਾਂ?) ਇਸ ਤੋਂ ਬਾਅਦ, ਆਗੂ ਸਮੂਹ ਨੂੰ ਉਨ੍ਹਾਂ ਦੇ ਨੇੜੇ ਕਿਸੇ ਨਾਲ ਉਨ੍ਹਾਂ ਦੇ ਲੇਖ ਨੂੰ ਪੜ੍ਹਨ ਲਈ ਉਤਸਾਹਿਤ ਕਰਦਾ ਹੈ (5 ਮਿੰਟ)। ਤਦ ਆਗੂ ਹਰੇਕ ਨੂੰ ਵਾਪਸ ਇਕੱਠੇ ਸੱਦਦਾ ਹੈ ਅਤੇ ਕੁਝ ਵਲੰਟੀਅਰ ਨੂੰ ਉਨ੍ਹਾਂ ਦੇ ਲੇਖ ਨੂੰ ਪੂਰੇ ਸਮੂਹ ਅੱਗੇ ਵੰਡਣ ਲਈ ਆਖਦਾ ਹੈ।
2. **ਇਕੱਠੇ ਹਵਾਲਾ ਦਿਓ:**

ੳ. "ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਂਗੇ। ਜਿੰਨੇ ਪਰਮੇਸ਼ੁਰ ਦੀ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ।" (ਰੋਮੀਆਂ. 8:13,14)

ਅ. "ਮੈਂ ਸਰਬਸ਼ਕਤੀਮਾਨ ਪਰਮੇਸ਼ੁਰ ਹਾਂ। ਤੂੰ ਮੇਰੇ ਸਨਮੁੱਖ ਚੱਲ ਅਤੇ ਸੰਪੂਰਨ ਹੋ" (ਉਤਪਤ 17:1)।

ੲ. "ਪਰ *ਇਹ ਖਜ਼ਾਨਾ ਸਾਡੇ ਕੋਲ ਮਿੱਟੀ ਦਿਆਂ ਭਾਂਡਿਆਂ* ਵਿੱਚ ਹੈ ਤਾਂ ਜੋ ਇਸ ਸਮੱਰਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ੁਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ (2 ਕੁਰਿੰਥੀਆਂ 4:7)

ਸ. "ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ *ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ।*" (ਯੂਹੰਨਾ 15:5)

ਹ. ਸਚਿਆਈ # 1 – ਇਹ ਸਭ ਪਰਮੇਸ਼ੁਰ ਦੇ ਬਾਰੇ ਹੈ।

ਕ. ਸਚਿਆਈ # 2 – ਮੈਂ ਪਰਮੇਸ਼ੁਰ ਨੂੰ ਮੇਰੇ ਅੰਦਰ ਰੱਖਦਾ ਹਾਂ।

ਖ. ਸਚਿਆਈ # 3 – ਮੈਂ ਉਸ ਦੇ ਅੰਦਰ ਵੱਸਦੇ ਹੋਏ ਆਤਮਾ ਨਾਲ ਜੁੜਿਆ ਜੀਵਨ ਬਿਤਾਉਂਦਾ ਹਾਂ।

ਗ. ਸਚਿਆਈ # 4 – ਮੈਂ ਮੇਰੇ ਅੰਦਰ ਪਰਮੇਸ਼ੁਰ ਦੀ ਕੰਮ ਕਰਨ ਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ।

3. ਤੁਹਾਡੇ ਸਮੂਹ ਦੇ ਨਾਲ, ਉੱਪਰ ਦਿੱਤੀਅ ਆਇਤਾਂ ਦਾ ਪ੍ਰਭਾਵ ਜੋ ਤੁਹਾਡੇ ਤੇ ਹੋਇਆ ਸੀ ਨੂੰ ਵੰਡੋ।
4. ਕੋਈ ਵੀ ਪ੍ਰਸ਼ਨ ਜੋ ਤੁਹਾਡੇ ਕੋਲ ਸਿੱਖਿਆ ਦੇ ਖੰਡ ਦੇ ਬਾਰੇ ਹੈ, ਜਾਂ ਇਸ ਦੇ ਬਾਰੇ ਕੋਈ ਹੋਰ ਪ੍ਰਗਵਾਵ ਜੋ ਤੁਹਾਡੇ ਕੋਲ ਹੈ ਤੇ ਚਰਚਾ ਕਰੋ।

**ਘ. ਘਰ ਲਈ ਕੰਮ ਜਿਹੜਾ ਕਿ ਅੱਗੇ ਪਰਕਾਸ਼ ਦਿੰਦਾ ਹੈ।**

1. ਉਤਪਤ 17:1; 2 ਕੁਰਿੰਥੀਆਂ 4:7; ਅਤੇ ਯੂਹੰਨਾ 15:5 ਨੂੰ **ਯਾਦ ਕਰੋ।** ਅਗਲੇ ਹਫਤੇ ਉਨ੍ਹਾਂ ਨੂੰ ਤੁਹਾਡੇ ਸਮੂਹ ਦੇ ਨਾਲ ਵੰਡਣ ਲਈ ਤਿਆਰ ਆਓ।
2. ਉੱਪਰ ਦਿੱਤੀ ਸਿੱਖਿਆ ਵਿੱਚ ਵਰਣਨ ਸਾਰੀਆਂ ਆਇਤਾਂ ਤੇ **ਮਨਨ ਕਰੋ।**
3. ਉਨ੍ਹਾਂ ਦੇ ਬਾਰੇ, ਪਰਮੇਸ਼ੁਰ ਤੋਂ ਉਹ ਸਪੱਸ਼ਟ ਕਰਨ ਨੂੰ ਮੰਗਦੇ ਹੋਏ ਜੋ ਉਹ ਤੁਹਾਨੂੰ ਵਿਖਾਉਣਾ ਚਾਹੁੰਦਾ ਹੈ **ਲੇਖ ਲਿਖੋ।**
4. ਕਲਾਸ ਦੇ ਲਈ ਤੁਹਾਡੇ ਲੇਖ ਨੂੰ ਪੜ੍ਹਨ ਲਈ ਅਗਲੀ ਸਮੂਹਿਕ ਮੀਟਿੰਗ ਦੇ ਵਿੱਚ ਤਿਆਰ ਹੋ ਕੇ ਆਓ।
5. ਉੱਪਰ ਸੂਚੀ ਦਿੱਤੇ ਗਏ ਇਕਰਾਰਾਂ ਦਾ ਅਣਗਿਣਤ ਸਮੇਂ ਉੱਚੀ **ਇਕਰਾਰ ਕਰੋ।** ਆਪਣੇ ਆਪ ਦੇ ਉੱਤੇ ਜੀਵਨ ਨੂੰ ਬੋਲੋ। ਤੁਹਾਡੇ ਆਤਮਾ, ਪ੍ਰਾਣ ਅਤੇ ਸਰੀਰ ਦੇ ਵਿੱਚ ਪਰਮੇਸ਼ੁਰ ਦੀ ਸਵਰਗੀ ਸ਼ਕਤੀ ਨਾਲ ਊਰਜਾ ਭਰੋ।

# ਸੁਭਾਵਕ ਤੌਰ ਤੇ ਅਲੌਕਿਕ

# ਸੈਸ਼ਨ # 3 – ਸੁਭਾਵਕ ਤੌਰ ਤੇ ਅਲੌਕਿਕ ਜੀਵਨ ਬਿਤਾਉਣ ਲਈ ਸਚਿਆਈਆਂ 3 ਅਤੇ 4

**ਜਾਣਕਾਰੀ:** ਹੁਣ ਜਦੋਂ ਕਿ ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਸਰਬਸ਼ਕਤੀਮਾਨ ਪਰਮੇਸ਼ੁਰ ਹੈ, ਅਤੇ ਮੈਂ ਉਸ ਨੂੰ ਸੰਮਿਲਤ ਕਰਦਾ ਹਾਂ, ਤਦ ਮੈਂ ਉਸ ਦੀ ਮੇਰੇ ਅੰਦਰ ਕੰਮ ਕਰਨ ਦੀ ਹਜ਼ੂਰੀ ਅਤੇ ਸ਼ਕਤੀ ਦੇ ਨਾਲ ਕਿਵੇਂ ਜੁੜਦਾ ਹਾਂ, ਅਤੇ ਮੈਂ ਪੂਰਾ ਦਿਨ ਨਿਰੰਤਰ ਅਤੇ ਸੁਭਾਵਕ ਤੌਰ ਤੇ ਉਸ ਦੇ ਮਸਹ ਨੂੰ ਪ੍ਰਗਟ ਕਰਦਾ ਹਾਂ?

1. ਸਚਿਆਈ # 1 – ਇਹ ਸਭ ਪਰਮੇਸ਼ੁਰ ਦੇ ਬਾਰੇ ਵਿੱਚ ਹੈ। (ਉਹ ਸਰਬਸ਼ਕਤੀਮਾਨ ਹੈ।)
2. ਸਚਿਆਈ # 2 – ਮੇਰੇ ਵਿੱਚ ਪਰਮੇਸ਼ੁਰ ਸੰਮਿਲਤ ਹੈ।
3. ਸਚਿਆਈ # 3 – ਮੈਂ ਉਸ ਦੇ ਅੰਦਰ ਵੱਸਦੇ ਹੋਏ ਆਤਮਾ ਨਾਲ ਜੁੜਿਆ ਜੀਵਨ ਬਿਤਾਉਂਦਾ ਹਾਂ।
4. ਸਚਿਆਈ # 4 – ਮੈਂ ਮੇਰੇ ਅੰਦਰ ਪਰਮੇਸ਼ੁਰ ਦੀ ਕੰਮ ਕਰਨ ਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ।

**ੳ. ਸਚਿਆਈ #3 ਸੁਭਾਵਕ ਤੌਰ ਤੇ ਅਲੌਕਿਕ ਜੀਉਣ ਲਈ "ਮੈਂ ਅੰਦਰ ਵੱਸਦੇ ਉਸ ਦੇ ਆਤਮਾ ਨਾਲ ਜੁੜਿਆ ਰਹਿੰਦਾ ਹਾਂ।"**

ੳ. ਮੈਂ ਅੰਦਰੋਂ ਕਿਵੇਂ ਜੁੜਿਆ ਰਹਿੰਦਾ ਹਾਂ?
ਅ. ਵਿਵਹਾਰਿਕ ਰੂਪ ਵਿੱਚ ਬੋਲਦੇ ਹੋਏ, ਮੈਂ ਕਿਵੇਂ ਉਸ ਦੀ ਹਜ਼ੂਰੀ, ਸ਼ਕਤੀ ਅਤੇ ਬੁੱਧੀ ਨੂੰ ਮੇਰੇ ਅੰਦਰ ਮਹਿਸੂਸ ਕਰਦਾ ਹਾਂ

**ਅ. ਅਧਿਆਤਮਕ ਰੂਪ ਵਿੱਚ ਬੋਲਦੇ ਹੋਏ** – ਮੈਂ ਆਤਮ-ਸਿਰਜਣ ਜੀਵਨ ਲਈ ਮਰਦਾ ਹਾਂ।

1. "ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ" (ਗਲਾਤੀਆਂ 2:20)।

2. *ਮਸੀਹੀਅਤ ਮੈਨੂੰ ਇੱਕ ਆਤਮ-ਸੁਧਾਰ ਪ੍ਰੋਗਰਾਮ ਦੀ ਪੇਸ਼ਕਸ਼ ਨਹੀਂ ਕਰ ਰਹੀ ਹੈ ਪਰ ਇੱਕ ਸਥਾਨ ਬਦਲਣ ਦੇ ਪ੍ਰੋਗਰਾਮ ਦੀ, ਜਿੱਥੇ ਮੈਂ ਆਤਮ-ਸਿਰਜਣ ਵਿਹਾਰ ਲਈ ਮਰ ਜਾਂਦਾ ਹਾਂ ਅਤੇ ਮੇਰੇ ਅੰਦਰ ਪਵਿੱਤਰ ਆਤਮਾ ਦੀ ਉਤੇਜਨਾ ਲਈ ਜੀਉਂਦਾ ਹੋ ਜਾਂਦਾ ਹਾਂ।*

**ੲ. ਮੈਂ ਜਿਵੇਂ ਯਿਸੂ ਰਿਹਾ ਉਵੇਂ ਜੀਵਨ ਬਿਤਾਉਂਦਾ ਹਾਂ, ਪਿਤਾ ਦੀ ਪਹਿਲ ਤੋਂ**

1. "ਜਿਹੜੀਆਂ ਗੱਲਾਂ ਮੈਂ ਉਸ ਤੋਂ ਸੁਣੀਆਂ ਸੋਈ ਜਗਤ ਨੂੰ ਕਹਿੰਦਾ ਹਾਂ. . .ਮੈਂ ਆਪਣੀ ਵੱਲੋਂ ਕੁਝ ਨਹੀਂ ਕਰਦਾ ਹਾਂ. . .ਮੈਂ ਜੋ ਕੁਝ ਆਪਣੇ ਪਿਤਾ ਦੇ ਕੋਲ ਵੇਖਿਆ ਹੈ ਸੋਈ ਬੋਲਦਾ ਹਾਂ. . ." (ਯੂਹੰਨਾ 8:26,28,38)।
2. ਮੈਂ ਗੱਲਾਂ ਦੀ ਪ੍ਰਾਪਤੀ ਲਈ ਕਦੇ ਵੀ ਮੇਰੇ ਆਪਣੇ ਅਰੰਭ ਨੂੰ ਨਹੀਂ ਵੇਖਦਾ ਹਾਂ।

**ਸ. ਵਿਵਹਾਰਿਕ ਰੂਪ ਨਾਲ ਬੋਲਦੇ ਹੋਏ** – ਮੈਂ ਆਪਣੇ ਆਪ ਨੂੰ ਝੁਕਾਉਂਦਾ ਹਾਂ ਤਾਂ ਜੋ ਮੈਂ ਅੰਦਰ ਪਵਿੱਤਰ ਆਤਮਾ ਦੇ ਵਹਾਓ ਨੂੰ ਮਹਿਸੂਸ ਕਰ ਸਕਾਂ।

1. ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ, "ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ. . .ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਣ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ। ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ (ਯੂਹੰਨਾ 7:37-39)
2. ਮਸਹ ਹੋਣ ਦੇ ਲਈ, ਉੱਪਰ ਦਿੱਤੀਆਂ ਆਇਤਾਂ ਸੰਕੇਤ ਕਰਦੀਆਂ ਹਨ ਕਿ ਮੈਨੂੰ ਚਾਹੀਦਾ ਹੈ:ੳ) ਪਛਾਣਾ ਕਿ ਮੈਨੂੰ ਮਸਹ ਦੀ ਲੋੜ ਹੈ, ਅ) ਇਸ ਦੇ ਲਈ ਯਿਸੂ ਤੋਂ ਮੰਗਾਂ, ੲ) ਵਹਾਓ ਦੇ ਨਾਲ ਜੁੜ ਜਾਂਵਾ ਅਤੇ ਸ) ਵਿਸ਼ਵਾਸ ਕਰਾਂ ਕਿ ਮੇਰੇ ਅੰਦਰ ਵਹਾਓ ਪਵਿੱਤਰ ਆਤਮਾ ਦਾ ਹੈ। ਮੇਰੇ ਲਈ ਇਸ ਦਾ ਅਰਥ ਹੈ ਮੈਂ ਯਿਸੂ ਤੇ ਆਪਣੀਆਂ ਨਜ਼ਰਾਂ ਟਿਕਾਏ ਹੋਏ, ਜੋ ਕਿ ਮੇਰੇ ਨਾਲ ਜੀਵਨ ਦੇ ਰਾਹ ਤੇ ਇਕੱਠਾ ਚੱਲ ਰਿਹਾ ਹੈ, ਉਸ ਤੋਂ ਮੇਰੇ

ਰਾਹੀਂ ਉਸ ਦੇ ਜੀਵਨ ਨੂੰ ਬਿਤਾਉਣ ਲਈ ਆਖਦੇ ਹੋਏ, ਅਤੇ ਉਸ ਦੇ ਵਹਾਓ ਦੇ ਵਿਚਾਰਾਂ, ਤਸਵੀਰਾਂ ਅਤੇ ਸ਼ਕਤੀ ਨਾਲ ਜੁੜਦੇ ਹੋਏ ਯਿਸੂ ਤੇ ਨਿਰਭਰਤਾ ਦੇ ਇੱਕ ਰਵੱਈਏ ਨਾਲ ਰਹਿੰਦਾ ਹਾਂ।

3. ਮੈਂ ਇੱਕ ਅਰਾਮ ਦੀ ਜੀਵਨਸ਼ੈਲੀ ਨੂੰ ਚੁਣਦਾ ਹਾਂ – ਮੇਰੀ ਆਪਣੀ ਤਾਕਤ ਨਾਲ ਜਤਨ ਕਰਨ ਨਾਲ ਨਹੀਂ।

   "ਕਿਉਂਕਿ ਜਿਹੜਾ ਉਸ ਦੇ ਅਰਾਮ ਵਿੱਚ ਵੜ ਗਿਆ ਉਸ ਨੇ ਆਪ ਆਪਣਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਅਰਾਮ ਕੀਤਾ ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ। ਸੋ ਆਓ, ਅਸੀਂ ਓਸ ਅਰਾਮ ਵਿੱਚ ਵੜਨ ਦਾ ਜਤਨ ਕਰੀਏ ਭਈ ਕੋਈ ਉਨ੍ਹਾਂ ਵਾਂਙੁ ਅਣਆਗਿਆਕਾਰੀ ਦੇ ਕਾਰਨ ਡਿੱਗ ਨਾ ਪਵੇ (ਇਬ. 4:10,11)

4. ਮੈਂ ਪਛਾਣਦਾ ਹਾਂ ਕਿ ਪਵਿੱਤਰ ਆਤਮਾ "ਵਹਾਓ' ਵਜੋਂ ਅੰਦਰ ਮਹਿਸੂਸ ਕੀਤਾ ਜਾਂਦਾ ਹੈ (ਯੂਹੰਨਾ 7:37–39).

   ੳ. ਮੇਰੇ ਦਿਲ ਦੀਆਂ **ਅੱਖੀਆਂ** ਨਾਲ ਅੰਦਰ ਮੈਂ ਵਹਾਓ ਦੀਆਂ ਤਸਵੀਰਾਂ ਲਈ ਵੇਖਦਾ ਹਾਂ (ਪਰਮੇਸ਼ੁਰ ਦਾ ਦਰਸ਼ਣ):

   "ਮੈਂ ਮੇਰੇ ਦਰਸ਼ਣ ਵਿੱਚ ਵੇਖ ਰਿਹਾ ਸੀ. . ." (ਦਾਨੀਏਲ 7:2,6,7,9,11)

   ਅ. ਮੇਰੇ ਦਿਲ ਦੇ **ਕੰਨਾਂ** ਨਾਲ ਮੈਂ ਵਹਾਓ ਦੇ ਵਿਚਾਰਾਂ ਨੂੰ ਸੁਣਦਾ ਹਾਂ (ਪਰਮੇਸ਼ੁਰ ਦਾ ਬੋਲਿਆ ਗਿਆ ਵਚਨ):

   "ਮੇਰੀਆਂ ਭੇਡਾਂ ਮੇਰੀ ਅਵਾਜ਼ ਨੂੰ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ; ਅਤੇ ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ।" (ਯੂਹੰਨਾ 10:27,28)

   ੲ. ਮੇਰੇ ਦਿਲ ਦੀਆਂ **ਭਾਵਨਾਵਾਂ** ਦੇ ਨਾਲ ਮੈਂ ਵਹਾਓ ਦੀਆਂ ਭਾਵਨਾਵਾਂ ਨਾਲ ਜੁੜ ਜਾਂਦਾ ਹਾਂ (ਪਰਮੇਸ਼ੁਰ ਦੀਆਂ ਭਾਵਨਾਵਾਂ):

   "ਯਿਸੂ ਨੇ ਤਰਸ ਖਾ ਕੇ ਉਸ ਦੀਆਂ ਅੱਖਾਂ ਨੂੰ ਛੋਹਿਆ ਅਰ ਓਹ ਝੱਟ ਸੁਜਾਖੇ ਹੋ ਗਏ ਅਤੇ ਉਹ ਦੇ ਮਗਰ ਤੁਰ ਪਏ (ਮੱਤੀ 20:34)।

**ਹ. ਬਾਈਬਲ ਚਾਹੁੰਦੀ ਹੈ ਕਿ ਅਸੀਂ ਸਾਡੇ** "ਮੁਰਦਾ ਕੰਮਾਂ" ਤੋਂ ਤੋਬਾ ਕਰੀਏ (ਇਬਰਾਨੀਆਂ 6:1)।

1. **ਮੁਰਦਾ ਕੰਮ:** ਕੋਈ ਵੀ ਕੰਮ ਜਿਹੜਾ ਮੈਂ ਕਰਦਾ ਹਾਂ ਪਵਿੱਤਰ ਆਤਮਾ ਤੋਂ ਨਹੀਂ ਵਹਿੰਦਾ ਹੈ (ਜਿਵੇਂ ਕਿ. ਇੱਕ ਇਸਮਾਏਲ)

**ਕ. ਸਚਿਆਈ # 4 ਸੁਭਾਵਕ ਤੌਰ ਤੇ ਅਲੌਕਿਕ ਜੀਵਨ ਜੀਉਣਾ ਹੈ ਕਿ "ਮੈਂ ਪਰਮੇਸ਼ੁਰ ਦੀ ਅੰਦਰ ਕੰਮ ਕਰਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ"**

1. "*ਕਿਉਂ ਜੋ ਪਰਮੇਸ਼ੁਰ ਹੀ ਹੈ* ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।" (ਫਿਲਿੱਪੀਆਂ 2:13)

2. "*ਅਤੇ ਉਹ ਦੀ ਮਹਿਮਾਂ ਦੀ ਸ਼ਕਤੀ ਦੇ ਅਨੁਸਾਰ* ਸਾਰੀ ਸਮਰੱਥਾ ਨਾਲ ਸਮਰਥ ਹੋ ਜਾਓ. . ." (ਕੁਲੁੱਸੀਆਂ 1:11)

3. "ਅਤੇ ਇਸੇ ਗੱਲੇ ਮੈਂ ਉਹ ਦੀ ਕਰਨੀ ਦੇ ਅਨੁਸਾਰ ਜੋ *ਮੇਰੇ ਵਿੱਚ ਸਮਰੱਥਾ ਨਾਲ ਪੋਹੰਦਾ ਹੈ* ਵੱਡੇ ਜਤਨ ਨਾਲ ਮਿਹਨਤ ਕਰਦਾ ਹਾਂ।" (ਕੁਲੁੱ. 1:29)

4. "ਤੁਸੀਂ ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿੱਚ ਸਮਰੱਥਾ ਨਾਲ ਬਲਵੰਤ ਬਣੋ, ਕਿ ਮਸੀਹ ਤੁਹਾਡੇ ਮਨਾਂ ਵਿੱਚ ਨਿਹਚਾ ਦੇ ਨਾਲ ਵੱਸੇ. . .ਅਤੇ. . .ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।" (ਅਫ਼ਸੀਆਂ 3:16-19)

## ਖ. ਖੋਜਣਾ ਕਿਵੇਂ "ਮਸੀਹ ਯਿਸੂ ਵਿੱਚ ਆਤਮਾ ਦੀ ਸ਼ਰਾ" ਕੰਮ ਕਰਦੀ ਹੈ

"ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।" (ਰੋਮੀਆਂ 8:2)

1. **ਅਸੀਂ ਆਪਣੇ ਮਨਾਂ ਨੂੰ ਆਤਮਾ ਦੀ ਗੱਲਾਂ ਵੱਲ ਲਾਉਂਦੇ ਹਾਂ** - "ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਦੇ ਉੱਤੇ ਪਰ ਜਿਹੜੇ ਆਤਮਕ ਹਨ ਓਹ ਆਤਮਾ ਦੀਆਂ ਵਸਤਾਂ ਉੱਤੇ ਮਨ ਲਾਉਂਦੇ ਹਨ। ਕਿਉਂ ਜੋ ਸਰਰੀਕ ਮਨਸ਼ਾ ਮੌਤ ਹੈ ਪਰ ਆਤਮਕ ਮਨਸ਼ਾ ਜੀਵਨ ਅਤੇ ਸ਼ਾਂਤੀ ਹੈ" (ਰੋਮੀਆਂ 8:5, 6)।

2. **ਸਾਡੇ ਕੋਲ ਮਸੀਹ ਦਾ ਮਨ ਹੈ** - "ਪਰ ਤੁਸੀਂ ਸਰੀਰਕ ਨਹੀਂ ਪਰ ਸਗੋਂ ਆਤਮਕ ਹੋ ਪਰ ਤਦੇ ਜੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੋਵੇ ਪਰੰਤੂ ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਉਹ ਦਾ ਨਹੀਂ ਹੈ।" (ਰੋਮੀਆਂ 8:9)

3. **ਪਵਿੱਤਰ ਆਤਮਾ ਸਾਡੇ ਅੰਦਰ ਸਾਨੂੰ ਊਰਜਾ ਦਿੰਦਾ ਹੈ** - "ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤੁਹਾਡੇ ਵਿੱਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿੱਚ ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ (ਰੋਮੀਆਂ 8:11) ਅਸੀਂ ਆਪਣੇ ਆਪ ਦਾ ਆਤਮਾ ਵਿੱਚ ਪ੍ਰਾਰਥਨਾ ਕਰਨ ਦੁਆਰਾ ਨਿਰਮਾਣ ਕਰ ਸਕਦੇ ਹਾਂ (ਯਹੂਦਾਹ 20)।

4. **ਅਸੀਂ ਆਤਮਾ ਦੀ ਸ਼ਕਤੀ ਦੁਆਰਾ ਪਾਪ ਦੇ ਜਿੱਤ ਪਾਉਂਦੇ ਹਾਂ** - "ਜੇ ਤੁਸੀਂ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ।" (ਰੋਮੀਆਂ 8:13)

5. **ਪਰਮੇਸ਼ੁਰ ਦੇ ਪੁੱਤ੍ਰ ਅੰਦਰੋਂ ਪਵਿੱਤਰ ਆਤਮਾ ਦੁਆਰਾ ਅਗਵਾਈ ਕੀਤੇ ਜਾਂਦੇ ਹਨ** - "ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ।" (ਰੋਮੀਆਂ 8:14)

6. *"ਮਸੀਹ ਯਿਸੂ ਵਿੱਚ ਆਤਮਾ ਦੇ ਜੀਵਨ ਦੀ ਸ਼ਰਾ"ਹੀ "ਅੰਦਰੋਂ ਇੱਕ ਆਤਮਿਕ ਊਰਜਾ ਦੇਣ ਵਾਲੇ ਵਜੋਂ ਮਹਿਸੂਸ ਕੀਤਾ ਜਾਂਦਾ ਹੈ ਜਦੋਂ ਉਹ, ਉਨ੍ਹਾਂ ਦੀਆਂ ਅੱਖਾਂ ਨਾਲ ਯਿਸੂ ਵੱਲ ਟਿਕਾਉਂਦੇ ਹੋਏ, ਇੱਕ ਹੋਰ ਅੰਦਰ ਪਵਿੱਤਰ ਆਤਮਾ ਦੇ ਵਹਾਓ ਨੂੰ ਮੰਗਦੇ ਜਾਂ ਜੁੜਦੇ ਹੋਏ ਅੰਦਰ ਜੁੜ ਜਾਂਦੇ ਹਨ।"* ਉਹ ਬੁੱਧੀ ਅਤੇ ਗਿਆਨ ਨੂੰ ਪ੍ਰਾਪਤ ਕਰਦੇ ਹਨ (ਵਹਾਓ ਦੇ ਵਿਚਾਰ), ਦਰਸ਼ਣ (ਵਹਾਓ ਦੀਆਂ ਤਸਵੀਰਾਂ), ਭਾਵਨਾਵਾਂ (ਵਹਾਓ ਦੀਆਂ ਭਾਵਨਾਵਾਂ) ਅਤੇ ਸ਼ਕਤੀ (ਵਹਾਓ ਦੀ ਊਰਜਾ)। ਜਦੋਂ ਉਹ ਇਸ ਨੂੰ ਉਨ੍ਹਾਂ ਦੇ ਆਲੇ ਦੁਆਲੇ ਲਈ ਪ੍ਰਗਟ ਕਰਦੇ ਹਨ, ਉਹ ਮਸੀਹ ਨੂੰ ਕਿਰਿਆ ਵਿੱਚ ਉਸ ਦੇ ਸੰਸਾਰ ਦਾ ਪ੍ਰਦਰਸ਼ਣ ਕਰਦੇ ਹਨ। ਉਹ ਮਸੀਹ ਦੀ ਦੇਹ ਬਣ ਜਾਂਦੇ ਹਨ।

## ਗ. ਅਬਰਾਹਮ, ਵਿਸ਼ਵਾਸ ਦਾ ਪਿਤਾ, ਪ੍ਰਦਰਸ਼ਣ ਕਰਦਾ ਹੈ ਕਿ ਕਿਵੇਂ ਪਰਮੇਸ਼ੁਰ ਦੀ ਸ਼ਕਤੀ ਨੂੰ ਪ੍ਰਗਟ ਕਰਨਾ ਹੈ

1. ਪਰਮੇਸ਼ੁਰ ਦੇ ਮਕਸਦਾਂ ਨੂੰ ਉਸ ਦੀ ਅਵਾਜ਼ ਸੁਣਨ, ਉਸ ਦੇ ਦਰਸ਼ਣ ਨੂੰ ਵੇਖਣ ਅਤੇ ਉਸ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰਨ ਰਾਹੀਂ ਅੰਦਰ ਵੱਸਦੇ ਪਵਿੱਤਰ ਆਤਮਾ ਤੋਂ **ਪ੍ਰਾਪਤ ਕੀਤਾ** (ਅਚਨਚੇਤ ਵਿਚਾਰਾਂ, ਤਸਵੀਰਾਂ ਅਤੇ ਭਾਵਨਾਵਾਂ) (ਉਤਪਤ 12:1-4; 15:5, 6)
2. ਜੋ ਆਤਮਾ ਪ੍ਰਗਟ ਕਰ ਰਿਹਾ ਸੀ ਤੇ **ਚਿੰਤਨ** ਅਤੇ ਮਨਨ ਕੀਤਾ (ਰੋਮੀਆਂ 4:17-21)।
3. ਜੋ ਉਹ ਪਵਿੱਤਰ ਆਤਮਾ ਵਿੱਚ ਮਹਿਸੂਸ ਕਰ ਰਿਹਾ ਸੀ ਨੂੰ ਬਾਹਰ **ਬੋਲਿਆ** (ਉਤਪਤ 17:5)।
4. ਜੋ ਆਤਮਾ ਨੇ ਪ੍ਰਗਟ ਕੀਤਾ ਤੇ ਵਿਸ਼ਵਾਸ ਵਿੱਚ ਕੰਮ ਕੀਤਾ (ਉਤਪਤ 17:10-24)।
5. ਵਿਸ਼ਵਾਸ ਵਿੱਚ **ਉਡੀਕ ਕੀਤਾ,** ਅਤੇ ਪਰਮੇਸ਼ੁਰ ਦੇ ਸਮੇਂ ਅਨੁਸਾਰ ਇਸ ਨੂੰ ਲੈ ਆਂਦਾ (ਉਤਪਤ 20:1,2,5; ਗਲਾਤੀਆਂ 4:4। ਜਦੋਂ ਤੁਸੀਂ ਉਡੀਕ ਕਰ ਰਹੇ ਹੋ ਤਾਂ ਇਸਮਾਏਲ ਨੂੰ ਉਤਪੰਨ ਨਾ ਕਰੋ!

**ਘ. ਕਲਾਸ ਦੇ ਕਮਰੇ ਦੀਆਂ ਕਿਰਿਆਵਾਂ:**

1. ਹੇਠਾਂ ਦਿੱਤੇ ਇੱਕ ਜਾਂ ਸੱਭੇ ਪ੍ਰਸ਼ਨਾਂ ਦਾ ਪ੍ਰਯੋਗ ਕਰਦੇ ਹੋਏ 5-8 ਮਿੰਟਾਂ ਲਈ **ਲੇਖ ਲਿਖੋ**:
    ੳ. ਪ੍ਰਭੂ, ਤੂੰ ਮੈਨੂੰ ਇੱਕ ਨਿਰੰਤਰ, ਚੱਲਦੇ ਰਹਿਣ ਦੇ ਸਵਰਗੀ ਵਹਾਓ ਦੇ ਸੰਬੰਧ ਵਿੱਚ ਅਤੇ ਮੁਰਦਾ ਕੰਮਾਂ ਤੋਂ ਤੋਬਾ ਕਰਨ ਦੇ ਸੰਬੰਧ ਵਿੱਚ ਮੈਨੂੰ ਕੀ ਆਖਣਾ ਚਾਹੁੰਦਾ ਹੈ?
    ਅ. ਪ੍ਰਭੂ, ਮੇਰੇ ਆਤਮਾ ਦੇ ਰਾਹੀਂ ਤੇਰੀ ਅਲੌਕਿਕ ਸ਼ਕਤੀ ਨੂੰ ਪ੍ਰਗਟ ਕਰਨ ਦੇ ਸੰਬੰਧ ਵਿੱਚ ਤੂੰ ਮੈਨੂੰ ਆਖਣਾ ਚਾਹੁੰਦਾ ਹੈ?
    ੲ. 5-8 ਮਿੰਟਾਂ ਦੇ ਲੇਖ ਲਿਖਣ ਤੋਂ ਬਾਅਦ, ਆਗੂ ਸਮੂਹ ਨੂੰ ਉਨ੍ਹਾਂ ਦੇ ਨੇੜੇ ਕਿਸੇ ਦੇ ਨਾਲ ਉਨ੍ਹਾਂ ਦੇ ਲੇਖ ਨੂੰ ਵੰਡਣ ਦਾ ਨਿਰਦੇਸ਼ ਦਿੰਦਾ ਹੈ (5 ਮਿੰਟ)।
    ਸ. ਤਦ ਆਗੂ ਹਰੇਕ ਨੂੰ ਵਾਪਸ ਸੱਦਦਾ ਹੈ ਅਤੇ ਕੁਝ ਵਲੰਟੀਅਰ ਨੂੰ ਉਨ੍ਹਾਂ ਦੇ ਲੇਖ ਨੂੰ ਪੂਰੇ ਸਮੂਹ ਦੇ ਅੱਗੇ ਪੜ੍ਹਨ ਲਈ ਉਤਸਾਹਿਤ ਕਰਦਾ ਹੈ।

**ਟ. ਹੇਠਾਂ ਦਿੱਤੀਆਂ ਗੱਲਾਂ ਦਾ ਇਕੱਠੇ ਇਕਰਾਰ ਕਰੋ ਅਤੇ ਘਰ ਦੇ ਲਈ ਯਾਦ ਕਰੋ। :**

ੳ. ਇੱਕ **"ਮੁਰਦਾ ਕੰਮ"** ਕੋਈ ਵੀ ਓਹ ਕੰਮ ਹੈ ਜਿਹੜਾ ਕਿ ਪਵਿੱਤਰ ਆਤਮਾ ਦੇ ਵਹਾਓ ਤੋਂ ਨਹੀਂ ਵਹਿੰਦਾ ਹੈ।
ਅ. ਇੱਕ "ਜੀਉਂਦਾ ਕੰਮ" ਕੋਈ ਵੀ ਓਹ ਕੰਮ ਹੈ ਜਿਹੜਾ ਕਿ ਪਵਿੱਤਰ ਆਤਮਾ ਦੇ ਵਹਾਓ ਤੋਂ ਨਹੀਂ ਵਹਿੰਦਾ ਹੈ।
ੲ. ਨਵੇਂ ਨੇਮ ਦੀਆਂ ਮੇਰੀਆਂ ਚਾਰ ਤਸਵੀਰਾਂ ਹਨ ਇੱਕ ਭਾਂਡਾ, ਇੱਕ ਹੈਕਲ, ਇੱਕ ਟਹਿਣੀ ਅਤੇ ਇੱਕ ਸਰੀਰ।
ਸ. ਚਾਰ ਸਚਿਆਈਆਂ ਜਿਹੜੀਆਂ ਕਿ ਮੈਨੂੰ ਸੁਭਾਵਕ ਤੌਰ ਤੇ ਅਲੌਕਿਕ ਜੀਵਨ ਜੀਉਣ ਦੀ ਇਜਾਜ਼ਤ ਦਿੰਦੀਆਂ ਹਨ:
  i. ਸਚਿਆਈ # 1 – ਇਹ ਸਭ ਪਰਮੇਸ਼ੁਰ ਦੇ ਬਾਰੇ ਵਿੱਚ ਹੈ। (ਉਹ ਸਰਬਸ਼ਕਤੀਮਾਨ ਹੈ।)
  ii. ਸਚਿਆਈ # 2 – ਮੈਂ ਪਰਮੇਸ਼ੁਰ ਨੂੰ ਮੇਰੇ ਅੰਦਰ ਰੱਖਦਾ ਹਾਂ।
  iii. ਸਚਿਆਈ #3 – ਮੈਂ ਉਸ ਦੇ ਅੰਦਰ ਵੱਸਦੇ ਹੋਏ ਆਤਮਾ ਨਾਲ ਜੁੜਿਆ ਜੀਵਨ ਬਿਤਾਉਂਦਾ ਹਾਂ।
  iv. ਸਚਿਆਈ # 4 – ਮੈਂ ਮੇਰੇ ਅੰਦਰ ਪਰਮੇਸ਼ੁਰ ਦੀ ਕੰਮ ਕਰਨ ਦੀ ਸ਼ਕਤੀ ਨੂੰ ਪ੍ਰਗਟ ਕਰਦਾ ਹਾਂ।

**ਙ. ਘਰ ਲਈ ਕੰਮ ਜਿਹੜਾ ਕਿ ਅੱਗੇ ਪਰਕਾਸ਼ ਦਿੰਦਾ ਹੈ।**

1. ਇਸ ਸਿੱਖਿਆ ਤੋਂ ਕੋਈ ਵੀ ਆਇਤ ਜਿਹੜੀ ਕਿ ਪ੍ਰਭੂ ਚਾਹੁੰਦਾ ਹੈ ਕਿ ਤੁਸੀਂ ਯਾਦ ਕਰੋ ਨੂੰ ਯਾਦ ਕਰੋ। ।
2. ਉੱਪਰ ਦਿੱਤੀ ਸਿੱਖਿਆ ਵਿੱਚ ਵਰਣਨ ਸਾਰੀਆਂ ਆਇਤਾਂ ਤੇ **ਮਨਨ ਕਰੋ।**
3. ਉਨ੍ਹਾਂ ਦੇ ਬਾਰੇ, ਪਰਮੇਸ਼ੁਰ ਤੋਂ ਉਹ ਸਪੱਸ਼ਟ ਕਰਨ ਨੂੰ ਮੰਗਦੇ ਹੋਏ ਜੋ ਉਹ ਤੁਹਾਨੂੰ ਵਿਖਾਉਣਾ ਚਾਹੁੰਦਾ ਹੈ **ਲੇਖ ਲਿਖੋ।**
4. ਆਪਣੇ ਲੇਖ ਅਤੇ ਅੰਤਰਦ੍ਰਿਸ਼ਟੀਆਂ ਨੂੰ ਸੰਸਾਰ ਜਿਸ ਨੂੰ ਤੁਸੀਂ ਛੂਹੰਦੇ ਹੋ ਨਾਲ ਵੰਡੋ।